ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ

ਵਾਹਿਗੁਰੂ ਜੀ ਕੀ ਫ਼ਤਹਿ ॥

# ਸੂਰਾ

ਪਟਿਆਲਾ


## ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ

ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ ।
ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ ।
ਹੱਕ ਰਾ ਗੰਜੂਰ ਗੁਰੂ ਗੋਬਿੰਦ ਸਿੰਘ ।
ਜੁਮਲਾ ਫ਼ੈਜ਼ਿ ਨੂਰ ਗੁਰੂ ਗੋਬਿੰਦ ਸਿੰਘ ।
ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ ।
ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ ।
ਬਰ ਦੋ ਆਲਮ ਸ਼ਾਹ ਗੁਰੂ ਗੋਬਿੰਦ ਸਿੰਘ ।
ਖ਼ਸਮ ਰਾ ਜਾਂ ਕਾਹ ਗੁਰੂ ਗੋਬਿੰਦ ਸਿੰਘ ।
ਫ਼ਾਇਜ਼ੁਲ ਅਨਵਾਰ-ਗੁਰੂ ਗੋਬਿੰਦ ਸਿੰਘ ।
ਕਾਸ਼ਫ਼ੁਲ ਅਸਰਾਰ ਗੁਰੂ ਗੋਬਿੰਦ ਸਿੰਘ ।

(ਤੌਸੀਫ਼ੋ ਸਨਾ ਭਾਈ ਨੰਦ ਲਾਲ ਜੀ ਵਿਚੋਂ)


੨੦ ਦਸੰਬਰ ੧੯੭੦



www.AKJ.Org

ਆਉ ਜੀ ਤੂ ਆਉ ਹਮਾਰੈ, ਹਰਿ ਜਸ ਸਰਵਨ ਸੁਨਾਵਨਾ ॥
ਤੁਧ ਆਵਤ ਮੇਰਾ ਮਨ ਤਨ ਹਰਿਆ, ਹਰਿ ਜਸ ਤੁਮ ਸੰਗ ਗਾਵਨਾ ॥

# ਸਾਲਾਨਾ ਅਖੰਡ ਕੀਰਤਨ ਸਮਾਗਮ

## ਪਟਿਆਲਾ ਸ਼ਹਿਰ ਵਿਖੇ

ਗੁਰੂ ਰੂਪ ਗੁਰ ਸੰਗਤ ਜੀਓ,

ਆਪ ਜੀ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅਖੰਡ ਕੀਰਤਨ ਦੇ ਅਦੁਤੀ ਸਮਾਗਮ ਪੰਜਾਬ ਦੇ ਇਤਿਹਾਸਕ ਸ਼ਹਿਰ ਪਟਿਆਲਾ ਵਿਖੇ 26, 27, 28 ਫ਼ਰਵਰੀ 1971 ਦਿਨ ਸ਼ੁਕਰ, ਸ਼ਨੀ ਤੇ ਐਤਵਾਰ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ ਹੋਣੇ ਨੀਯਤ ਹੋਏ ਹਨ ।

ਇਨ੍ਹਾਂ ਸਮਾਗਮਾਂ ਵਿਚ ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂੰਹ ਅਖੰਡ ਕੀਰਤਨੀ ਜਥੇ ਭਾਰਤ ਭਰ ਦੇ ਕੋਨੇ ੨ 'ਚੋਂ ਦਰਸ਼ਨ ਦੇ ਰਹੇ ਹਨ ।

## * ਪ੍ਰੋਗਰਾਮ *

**26 ਫ਼ਰਵਰੀ 1971 ਦਿਨ ਸ਼ੁਕਰਵਾਰ**
ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ
ਅੰਮ੍ਰਿਤ ਵੇਲੇ 5 ਤੋਂ 11 ਵਜੇ ਤਕ    ਸ਼ਾਮ 7 ਤੋਂ 10 ਵਜੇ ਤਕ

**27 ਫ਼ਰਵਰੀ 1971 ਦਿਨ ਸ਼ਨੀਵਾਰ**
ਗੁਰਦਵਾਰਾ ਦੂਖ ਨਿਵਾਰਨ ਸਾਹਿਬ, ਪਟਿਆਲਾ
ਅੰਮ੍ਰਿਤ ਵੇਲੇ 5 ਤੋਂ 12 ਵਜੇ ਤਕ
ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ
ਅੰਮ੍ਰਿਤ ਸੰਚਾਰ ਸਮਾਗਮ—ਦੁਪਿਹਰ 2 ਵਜੇ ਆਰੰਭ
ਰੈਣ ਸਬਾਈ ਕੀਰਤਨ ਆਰੰਭ ਰਾਤ 8 ਵਜੇ

**28 ਫਰਵਰੀ 1971 ਦਿਨ ਐਤਵਾਰ**
ਸਮਾਪਤੀ ਰੈਣ ਸਬਾਈ ਕੀਰਤਨ ਸਵੇਰੇ 8 ਵਜੇ

ਨੋਟ :—1. ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ ਹੋਵੇਗਾ ।

2. ਸੰਗਤਾਂ ਪ੍ਰਤੀ ਜੋਦੜੀ ਹੈ ਕਿ ਉਪ੍ਰੋਕਤ ਤਾਰੀਖਾਂ ਨੂੰ ਕਿਧਰੇ ਭੀ ਕੋਈ ਹੋਰ ਸਮਾਗਮ ਨ ਰਖੇ ਜਾਣ ਤਾਂ ਜੋ ਸਭ ਗੁਰੂ ਪਾਤਸ਼ਾਹ ਦੀ ਗੋਦ ਵਿਚ ਇਕੱਤਰ ਹੋ ਕੇ ਲਾਹੇ ਲੈ ਸਕੀਏ ।

ਵਧੇਰੇ ਪੁਛ ਗਿਛ ਲਈ—
ਭਾਈ ਮਹਿੰਦਰ ਸਿੰਘ
12-E ਮਾਲਵਾ ਕਾਲੋਨੀ,
(ਨਿਯੂ ਮੋਤੀ ਪੈਲਸ ਦੇ ਪਿਛਲੇ ਪਾਸੇ) ਪਟਿਆਲਾ ।

ਦਾਸਰੇ—
ਅਖੰਡ ਕੀਰਤਨੀ ਜੱਥਾ,
ਪਟਿਆਲਾ ।

## ਧੰਨਵਾਦ !

—ਸ੍ਰ: ਇੰਦਰਜੀਤ ਸਿੰਘ ਜੀ
ਨੇਡੋਜ਼ ਹੋਟਲ ਨਾਗਪੁਰ ਵ
ਆਪਣੇ ਲੜਕੇ ਦੇ ਅਨੰਦ ਕਾ
ਦੀ ਖ਼ੁਸ਼ੀ ਵਿਚ 11 ਰੁਪਏ ਸੂ
ਨੂੰ ਭੇਜਦੇ ਹਨ—ਖ਼ੁਸ਼ੀਆਂ ।

—ਸ੍ਰੀ ਮੇਲਾ ਰਾਮ ਸਕੱਤਰ ਸ੍
ਗੁਰੂ ਸਿੰਘ ਸਭਾ ਇੰਦੋਰ 2
ਰੁਪਏ ਸੂਰਾ ਨੂੰ ਭੇਜਦੇ ਹਨ 1
ਰੁਪਏ ਸਾਲਾਨਾ ਚੰਦਾ 9 ਰੁਪਏ
ਸੂਰਾ ਦੀ ਸੇਵਾ ਵਾਸ
ਧੰਨਵਾਦ ।

—ਭਾਈ ਘੁਮੰਡ ਸਿੰਘ ਜ
ਨਾਭਾ ਨਿਵਾਸੀ ਨੇ ਗੁਰੂ ਗ੍ਰੰ
ਸਾਹਿਬ ਦੇ ਭੋਗ ਉਪ
ਨਿਰਬਾਣ ਕੀਰਤਨੀ ਜਥੇ
ਉਹਨਾ ਦੇ ਗ੍ਰਿਹਿ ਵਿਖੇ ਕੀਰ
ਦੀ ਸੇਵਾ ਕੀਤੀ ਇਸ
ਵਿਚ ਗੁਰਮਤਿ ਪ੍ਰਚਾਰਕ
ਦੀ ਸੇਵਾ ਲਈ 20
ਭੇਜਦੇ ਹਨ ਅਸੀਂ
ਧੰਨਵਾਦੀ ਹਾਂ ।

—ਸ੍ਰ: ਹਰਨਾਮ ਸਿੰਘ ਚ
ਬੜੋਦਾ ਨਿਵਾਸੀ ਆਪਣੇ
ਸ੍ਰ: ਰਮਿੰਦਰ ਸਿੰਘ ਦੀ
ਨਰਿੰਦਰ ਕੌਰ ਸਪੁਤ
ਸੰਪੂਰਨ ਸਿੰਘ ਜੀ 'ਰ
ਡੇਹਰਾਦੂਨ ਵਾਲਿਆਂ
ਵਿਚ ਸੂਰਾ ਨੂੰ 21 ਰੁਪਏ
ਹਨ ਅਤੀ ਧੰਨਵਾਦੀ
(ਸੰਪਾਦ


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


੧ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸੂਰਾ

## ਪਟਿਆਲਾ

ਮਾਸਕ ਪੱਤਰ

ਸਾਲਾਨਾ ਚੰਦਾ

ਦੇਸ 12 ਰੁਪਏ
ਪ੍ਰਦੇਸ ਸਮੁੰਦਰੀ ਡਾਕ 20 ਰੁਪਏ
ਪ੍ਰਦੇਸ ਹਵਾਈ ਡਾਕ 60 ਰੁਪਏ

ਲਾਈਫ਼ ਮੈਂਬਰ 250 ਰੁਪਏ

ਪ੍ਰਤੀ ਕਾਪੀ 70 ਪੈਸੇ

### ਗੁਰਮਤਿ ਪ੍ਰਚਾਰਕ ਅੱਧ-ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੨੦ ਦਸੰਬਰ ਮੁਤਾਬਕ ੬ ਪੋਹ ੫੦੧ ਨਾਨਕ ਸ਼ਾਹੀ [ ਅੰਕ ੨੧


ਪੋਖਿ ਤੁਖਾਰੁ ਨ ਵਿਆਪਈ, ਕੰਠਿ ਮਿਲਿਆ ਹਰਿ ਨਾਹੁ।
ਮਨੁ ਬੇਧਿਆ ਚਰਨਾਰਬਿੰਦ, ਦਰਸਨਿ ਲਗੜਾ ਸਾਹੁ।
ਓਟ ਗੋਵਿੰਦ ਗੋਪਾਲ ਰਾਇ, ਸੇਵਾ ਸੁਆਮੀ ਲਾਹੁ।
ਬਿਖਿਆ ਪੋਹਿ ਨ ਸਕਈ, ਮਿਲਿ ਸਾਧੂ ਗੁਣ ਗਾਹੁ।
ਜਹ ਤੇ ਉਪਜੀ ਤਹ ਮਿਲੀ, ਸਚੀ ਪ੍ਰੀਤਿ ਸਮਾਹੁ।
ਕਰੁ ਗਹਿ ਲੀਨੀ ਪਾਰਬ੍ਰਹਮਿ, ਬਹੁੜਿ ਨ ਵਿਛੁੜੀਆਹੁ।
ਬਾਰਿ ਜਾਉ ਲਖ ਬੇਰੀਆ, ਹਰਿ ਸਜਣੁ ਅਗਮ ਅਗਾਹੁ।
ਸਰਮ ਪਈ ਨਾਰਾਇਣੈ, ਨਾਨਕ ਦਰਿ ਪਈਆਹੁ।
ਪੋਖੁ ਸੋੁਹੰਦਾ ਸਰਬ ਸੁਖ, ਜਿਸੁ ਬਖਸੇ ਬੇਪਰਵਾਹੁ।੧੧।


ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਨੇ ਛਪਵਾ ਕੇ ਦਫ਼ਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ਪ੍ਰਕਾਸ਼ਤ ਕੀਤਾ।


www.AKJ.Org

ਵਾਹਿਗੁਰੂ

ੴ ਸ੍ਰੀ ਅਕਾਲ ਜੀ ਸਹਾਇ ॥

ਸ੍ਰੀ ਤਰਨਤਾਰਨ
੫.੧੨.੭੦

ਪ੍ਰੇਮ ਅਖਾੜੇ ਜੱਥੇ ਦੀ ਖ਼ਾਸ ਇਕੱਤ੍ਰਤਾ ੨-੧-੭੧ ਦਿਨ ਦੇ ਦੋ ਵਜੇ ਗੁਰਦਵਾਰਾ ਮਾਡਲ ਟਾਊਨ ਲੁਧਿਆਣਾ ਵਿਚ ਨੀਯਤ ਹੋਈ ਹੈ । ਹੇਠ ਲਿਖੇ ਗੁਰਮੁਖ ਸਜਣ ਜ਼ਰੂਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ ਦੀ ।

## ਏਜੰਡਾ

੧. ਪ੍ਰੇਮ ਅਖਾੜੇ ਜੱਥੇ ਦੀ ਜੱਥੇਬੰਦੀ, ਮਿਲਵਰਤਣ ਤੇ ਸੋਧ-ਸੁਧਾਈ ।
੨. ਗੁਰਮੁਖ ਪਿਆਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪੁਸਤਕ-ਭੰਡਾਰ ਦੀ ਸੰਭਾਲ ।
੩. ਸੂਰਾ ਅਖਬਾਰ ਤੇ ਪ੍ਰੈਸ ਦੇ ਹਿਸਾਬ-ਕਿਤਾਬ ਅਤੇ ਪ੍ਰੈਸ ਦੇ ਮੁਖ ਪ੍ਰਬੰਧਕ ਬਾਰੇ ਵਿਚਾਰ ਤੇ ਫ਼ੈਸਲਾ ।
੪. ਜੱਥੇ ਦੀਆਂ ਕੀਰਤਨ ਕਰਨ ਵਾਲੀਆਂ ਬੀਬੀਆਂ ਦੀ ਸਾਦਾ ਪੁਸ਼ਾਕ ਬਾਰੇ ਵਿਚਾਰ ।
੫. ਗੁਰਪੁਰਬ-ਸਮਾਗਮਾਂ ਬਾਰੇ ਜਨਰਲ ਵਿਚਾਰ ।

ਇਹ ਵਿਚਾਰ ਜੱਥੇ ਦੇ ਸ਼ੁਭਚਿੰਤਕ ਗੁਰੂ ਪਿਆਰਿਆਂ ਦੀ ਸਰਬ-ਸੰਮਤੀ ਨਾਲ ਪਰਵਾਨ ਹੋ ਕੇ ੨੦.੧੨.੭੦ ਦੇ 'ਸੂਰੇ' ਵਿਚ ਛਪਣ ਲਈ ਭੇਜੀ ਜਾਂਦੀ ਹੈ ।

ਪੰਜ ਪਿਆਰੇ ਤੇ ਗ੍ਰੰਥੀ ਸਾਹਿਬ:—

੧. ਬਾਬੂ ਮਲ ਸਿੰਘ ਜੀ, ੨. ਕਰਨਲ ਦਲਜੀਤ ਸਿੰਘ ਜੀ, ੩. ਭਾਈ ਸੂਰਤ ਸਿੰਘ ਜੀ ਪੂਰਨ, ੪. ਭਾਈ ਮੋਹਨ ਸਿੰਘ ਜੀ ਗਾਰਡ ਕਾਨ੍ਹਪੁਰ, ੫. ਭਾਈ ਪੂਰਨ ਸਿੰਘ ਜੀ ਤਲਵਾੜਾ, ੬. ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ।

ਹੋਰ ਖ਼ਾਸ ਗੁਰਮੁਖ ਸੱਜਣ:—

੧. ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ੨. ਭਾਈ ਮਹਿੰਦਰ ਸਿੰਘ ਜੀ ਪਟਿਆਲਾ, ੩. ਭਾਈ ਬਲਬੀਰ ਸਿੰਘ ਜੀ ਲੁਧਿਆਣਾ, ੪. ਡਾਕਟਰ ਦਰਸ਼ਨ ਸਿੰਘ ਜੀ ਲੁਧਿਆਣਾ, ੫. ਭਾਈ ਦਰਸ਼ਨ ਸਿੰਘ ਜੀ ਦਿਲੀ, ੬. ਭਾਈ ਮੇਹਰ ਸਿੰਘ ਜੀ ਦਿਲੀ, ੭. ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ, ੮. ਭਾਈ ਭੁਪਿੰਦਰ ਸਿੰਘ ਜੀ ਚੰਡੀਗੜ੍ਹ, ੯. ਭਾਈ ਰਾਮ ਸਿੰਘ ਜੀ ਸੁਕਆਰਡਰਨ ਲੀਡਰ ਕਾਨ੍ਹਪੁਰ, ੧੦. ਭਾਈ ਇੰਦਰ ਸਿੰਘ ਜੀ ਸ਼ਿਮਲਾ, ੧੧. ਭਾਈ ਸੇਵਾ ਸਿੰਘ ਜੀ ਅੰਮ੍ਰਿਤਸਰ ।

ਨੋਟ—ਭਾਈ ਸਾਹਿਬ ਬਲਬੀਰ ਸਿੰਘ ਜੀ, ਭਾਈ ਪਿਆਰਾ ਸਿੰਘ ਜੀ ਹਿਸਾਬ-ਕਿਤਾਬ ਸਮੇਤ, ਅਤੇ ਜੱਥੇ ਦੇ ਰੂਹੇ-ਰਵਾਨ ਭਾਈ ਮਹਿੰਦਰ ਸਿੰਘ ਜੀ ਪਟਿਆਲਾ ਦੀ ਖ਼ਾਸ ਹਾਜ਼ਰੀ ਦੀ ਡਾਢੀ ਲੋੜ ਹੈ ।

ਗੁਰੂ ਪੰਥ ਦਾ ਸੇਵਾਦਾਰ—
ਲਾਲਾ ਗੋਲਾ ਦਾਸ—ਮੱਲ ਸਿੰਘ



www.AKJ.Org

# ਸ਼੍ਰੀ ਅਖੰਡ ਪਾਠ ਤੇ ਰੈਣ-ਸਬਾਈ ਕੀਰਤਨ ਤਰਨਤਾਰਨ

ਸ੍ਰੀਮਤੀ ਵਡ ਪਰਵਾਰੀ ਨਿਹਾਲ ਕੌਰ ਜੀ ਸੁਪਤਨੀ ਗੁਰਮੁਖ ਪਿਆਰੇ ਬਾਬੂ ਮਲ ਸਿੰਘ ਜੀ ਦੀ ਪੰਜਵੀਂ ਬਰਸੀ ਤੇ ੨੯.੧੧.੭੦ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਆਸਾ ਦੀ ਵਾਰ ਦੇ ਕੀਰਤਨ ਛੇ ਤੋਂ ਦੋ ਵਜੇ ਦੁਪਹਿਰ ਤਕ ਖੂਬ ਗਹਿ-ਗਡਵੇਂ ਹੋਏ। ਸ੍ਰੀ ਅਖੰਡ ਪਾਠ ਵਿਚ ੧੨ ਸਜਣਾਂ ਨੇ ਹਿਸਾ ਪਾਇਆ।

ਰੈਣ-ਸਬਾਈ ਕੀਰਤਨ ਅਠ ਵਜੇ ਸ਼ਾਮ ਨੂੰ ਗੁਰਮੁਖ ਪਿਆਰੇ ਭਾਈ ਮਹਿੰਦਰ ਸਿੰਘ ਜੀ ਦੇ ਜੱਥੇ ਨੇ ਸ਼ੁਰੂ ਕਰਕੇ ਦਸ ਵਜੇ ਤਕ ਡਾਢੇ ਵਿੰਨ੍ਹਵੇਂ ਤੇ ਪ੍ਰੇਮ-ਰੰਗਾਂ ਵਿਚ ਪਰਬਾਇ ਕੀਰਤਨ ਕੀਤਾ। ਉਪਰੰਤ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ਬੀਬੀ ਹਰਸ਼ਰਨ ਕੌਰ ਜੀ (ਸੁਪਤਨੀ ਕਰਨਲ ਦਲਜੀਤ ਸਿੰਘ ਜੀ), ਬੀਬੀ ਭੁਪਿੰਦਰ ਕੌਰ ਜੀ ਦਿਲੀ, ਗੁਰਮੁਖ ਪਿਆਰੇ ਹਰਦਿਆਲ ਸਿੰਘ ਜੀ ਲੁਧਿਆਣਾ, ਪਿਆਰੇ ਵੀਰ ਸਤਨਾਮ ਸਿੰਘ ਜੀ ਲੁਧਿਆਣਾ, ਗੁਰਮੁਖ ਬੀਬੀ ਅਮਰਜੀਤ ਕੌਰ ਜੀ ਚੰਡੀਗੜ੍ਹ, ਬੀਬੀ ਅਮਰਜੀਤ ਕੌਰ ਜੀ ਅੰਮ੍ਰਿਤਸਰ ਤੇ ਬੀਬੀ ਬਲਵੰਤ ਕੌਰ ਜੀ ਕਾਨ੍ਹਪੁਰ (ਦੋਹਤੀ ਸ੍ਰੀਮਾਨ ਬਾਬੂ ਮਲ ਸਿੰਘ ਜੀ) ਦੇ ਮਨੋਹਰ ਕੀਰਤਨ ਹੋਏ।

ਅੰਮ੍ਰਿਤ ਵੇਲੇ ਤਿੰਨ ਵਜੇ ਤੋਂ ਪਿਛੋਂ ਆਸਾ ਦੀ ਵਾਰ ਦੇ ਕੀਰਤਨ ਪਰੋਫੈਸਰ ਠਾਕਰ ਸਿੰਘ ਜੀ ਜੋਗੀ ਅਤੇ ਸਾਰੀ ਸੰਗਤ ਨੇ ਰਲ ਕੇ ਡਾਢੇ ਰੰਗਾਂ ਵਿਚ ਕੀਤੇ। ਛੇ ਵਜੇ ਸਵੇਰੇ ਭੋਗ ਪਏ। ਅਰਦਾਸ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਨੇ ਡਾਢੇ ਵੈਰਾਗ ਤੇ ਪ੍ਰੇਮ-ਰੰਗਾਂ ਵਿਚ ਕੀਤੀ ਅਤੇ ਸਰਬਤ ਸੰਗਤ ਨੇ ਸਾਰਾ ਪ੍ਰੋਗਰਾਮ ਡਾਢੇ ਪਿਆਰ ਨਾਲ ਸ੍ਰਵਣ ਕੀਤਾ।

ਸਮਾਗਮ ਵਿਚ ਬਰਗੇਡੀਅਰ ਜਨਰਲ ਸ੍ਰ. ਜਸਵੰਤ ਸਿੰਘ ਸੰਧੂ, ਕਰਨਲ ਦਲਜੀਤ ਸਿੰਘ ਜੀ, ਕਰਨਲ ਕੁਲਵੰਤ ਸਿੰਘ ਜੀ, ਸ੍ਰ. ਬਹਾਦਰ ਸਿੰਘ ਜੀ ਐਸ. ਡੀ. ਓ., ਸ੍ਰ. ਬਲੀਬਰ ਸਿੰਘ ਜੀ ਐਕਸ.ਈ.ਐਨ. ਅਤੇ ਹੋਰ ਬਹੁਤ ਸਾਰੇ ਪਤਵੰਤੇ ਸਜਣ ਸ਼ਾਮਲ ਹੋਏ ਤੇ ਸਾਰੀ ਰਾਤ ਕੀਰਤਨ ਦੇ ਅਨੰਦ ਮਾਣੇ।

ਸ੍ਰੀ ਮਤੀ ਮਾਤਾ ਨਿਹਾਲ ਕੌਰ ਜੀ ਨਮਿਤ ਦਾਇਮੀ ਅਖੰਡ ਪਾਠ ਦਾ ਭੋਗ ੧.੧੨.੭੦ ਨੂੰ ਸੈਂਟਰਲ ਯਤੀਮ ਖਾਨਾ ਅੰਮ੍ਰਿਤਸਰ ਵਿਚ ਪਿਆ। ਇਸੇ ਤਰ੍ਹਾਂ ਦੋ ਦਾਇਮੀ ਅਖੰਡ ਪਾਠਾਂ ਦੇ ਭੋਗ ਮਾਘੀ ਤੇ ਵਿਸਾਖੀ ਨੂੰ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿਖੇ ਮਾਤਾ ਜੀ ਨਮਿਤ ਪਾਏ ਜਾਂਦੇ ਹਨ। ਸਾਲ ਵਿਚ ਇਕ ਦਿਨ ਯਤੀਮ ਖਾਨੇ ਦੇ ਬੱਚਿਆਂ ਦਾ ਲੰਗਰ ਮਾਤਾ ਜੀ ਨਮਿਤ ਹੁੰਦਾ ਹੈ।

ਮਾਤਾ ਜੀ ਨਮਿਤ ਇਸ ਬਰਸੀ ਤੇ ਪੰਜਾਹ ਰੁਪਏ ਭਾਈ ਵੀਰ ਸਿੰਘ ਬਿਰਧ ਆਸ਼ਰਮ ਤਰਨਤਾਰਨ ਅਤੇ ਢਾਈ ਰੁਪਏ 'ਸੂਰਾ' ਪਰਚੇ ਨੂੰ ਭੇਜੇ ਗਏ।

---

# ਗੁਰਦਵਾਰਾ ਸਾਹਿਬ ਦੀ ਇਮਾਰਤ ਦੇ ਨੀਂਹ ਪੱਥਰ ਬਾਰੇ ਸੂਚਨਾ

ਸਰਬਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੋ ਪਟਿਆਲਾ ਵਿਚ ਸਰਹੰਦ ਰੋਡ ਤੇ ਸਿੰਘਾਂ ਦੀ ਨਵੀਂ ਕਾਲੋਨੀ ਬਣ ਰਹੀ ਹੈ, ਉਸ ਦੇ ਗੁਰਦਵਾਰੇ ਦਾ ਨੀਂਹ ਪੱਥਰ 10 ਜਨਵਰੀ 1971 ਨੂੰ ਰਖਣਾ ਸੀ, ਹੁਣ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੇ ਕਹਿਣ ਤੇ 27 ਫ਼ਰਵਰੀ 1971 ਤਕ ਅਗੇ ਪਾ ਦਿਤਾ ਹੈ, ਹੁਣ ਪਟਿਆਲੇ ਦੇ ਸਾਲਾਨਾ ਸਮਾਗਮ ਤੇ ਹੀ ਨੀਂਹ ਪੱਥਰ ਰਖਿਆ ਜਾਵੇਗਾ।

ਦਾਸ—ਮਹਿੰਦਰ ਸਿੰਘ, ਪਟਿਆਲਾ।



www.AKJ.Org

# ਪੋਹ ਸੁਦੀ ਸਤਮੀਂ ਦੇ ਸਬੰਧ ਵਿਚ ਸਾਲਾਨਾ ਕੀਰਤਨ ਸਮਾਗਮ

ਸਰਬਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸ਼ਵ ਦੇ ਸਬੰਧ ਵਿਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦਵਾਰਾ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਬੜਾ ਭਾਰੀ ਕੀਰਤਨ ਸਮਾਗਮ ਹੋਵੇਗਾ । ਸਰਬਤ ਸੰਗਤਾਂ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਦਰਸ਼ਨ ਬਖਸ਼ ਕੇ ਧੰਨਵਾਦੀ ਬਨਾਉਣ ।

ਨੋਟ :- ਇਸ ਸਮਾਗਮ ਤੇ ਭਾਰਤ ਭਰ ਵਿਚੋਂ ਸਮੂੰਹ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ ।

## * ਪਰੋਗਰਾਮ *

1-1-71 ਸ਼ੁਕ੍ਰਵਾਰ 5 ਤੋਂ 8 ਵਜੇ ਸਵੇਰੇ ਕੀਰਤਨ ਆਸਾ ਦੀ ਵਾਰ ਉਪ੍ਰੰਤ ਅਖੰਡ ਪਾਠ ਅਰੰਭ ਮਾਡਲ ਟਾਊਨ
6 ਤੋਂ 9 ਵਜੇ ਸ਼ਾਮ ਕੀਰਤਨ ਗੁਰਦਵਾਰਾ ਵਡਾ, ਗਿਲ

2-1-71 ਸਨਿਚਰਵਾਰ ਸਵੇਰੇ 5-30 ਤੋਂ 12 ਵਜੇ ਦੁਪਹਿਰ ਤਕ ਕੀਰਤਨ 79-ਮਾਡਲ ਟਾਊਨ
6 ਤੋਂ 9 ਸ਼ਾਮ ਕੀਰਤਨ, ਗੁਰਦਵਾਰਾ ਗੁਰੂ ਤੇਗ ਬਹਾਦਰ, ਜੇਲ੍ਹ ਰੋਡ

3-1-71 ਐਤਵਾਰ 5-30 ਸਵੇਰੇ ਭੋਗ ਸ੍ਰੀ ਅਖੰਡ ਪਾਠ
6 ਤੋਂ 1 ਵਜੇ ਦੁਪਹਿਰ ਤਕ ਕੀਰਤਨ, ਗੁ: ਸਿੰਘ ਸਭਾ, ਮਾਡਲ ਟਾਊਨ
2 ਵਜੇ ਸ਼ਾਮ ਅੰਮ੍ਰਿਤ ਸੰਚਾਰ
7-30 ਸ਼ਾਮ ਤੋਂ 4-1-71 ਸਵੇਰੇ 7-30 ਤਕ ਕੀਰਤਨ ਰੈਣਸਬਾਈ ।

ਦਾਸਨ ਦਾਸ—ਦਰਸ਼ਨ ਸਿੰਘ

# ਗੁਰਪੁਰਵਾਸੀ ਭਾਈ ਸ਼ਾਮ ਸਿੰਘ ਜੀ ਖੰਨਾ ਦੀ ਸਾਲਾਨਾ ਯਾਦ ਹਿਤ ਸਮਾਗਮ

ਸਰਬਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਰਦਾਰ ਸ਼ਾਮ ਸਿੰਘ ਜੀ ਖੰਨਾ ਜੋ ਪਿਛਲੇ ਸਾਲ ਅਕਾਲ ਚਲਾਣਾ ਕਰ ਗਏ ਸਨ । ਉਨ੍ਹਾਂ ਦੀ ਸਾਲਾਨਾ ਯਾਦ ਹਿਤ ੨੫, ੨੬, ੨੭ ਦਸੰਬਰ ੧੯੭੦ ਨੂੰ ਓਹਨਾਂ ਦੇ ਗ੍ਰਹਿ ਵਿਖੇ ਅਖੰਡ ਪਾਠ ਤੇ ਕੀਰਤਨ ਸਮਾਗਮ ਹੋਵੇਗਾ । ੨੭ ਦਸੰਬਰ ਨੂੰ ਅੰਮ੍ਰਿਤ ਵੇਲੇ ਪੰਜ ਅਖੰਡ ਪਾਠ ਦੇ ਭੋਗ ਤੋਂ ਉਪ੍ਰੰਤ ਕੀਰਤਨ ਆਸਾ ਦੀ ਵਾਰ ਬਾਰਾਂ ਵਜੇ ਤਕ ਹੋਵੇਗਾ ਸਰਬਤ ਸੰਗਤਾਂ ਇਸ ਪਿਆਰੇ ਦੀ ਯਾਦ ਵਿਚ ਹੋ ਰਹੇ ਸਮਾਗਮ ਵਿਚ ਜ਼ਰੂਰ ਹਾਜ਼ਰੀ ਭਰ ਕੇ ਇਸ ਪਰਵਾਰ ਨੂੰ ਸਚੀ ਸ਼ਰਧਾਂਜਲੀ ਅਰਪਨ ਕਰਨ ।

ਨਿਵਾਸ ਅਸਥਾਨ–
ਸਰਦਾਰ ਸ਼ਾਮ ਸਿੰਘ
ਗਾਰਡਨ ਕਾਲੋਨੀ ਰੀਹੋਂਦ, ਖੰਨਾ
(ਲੁਧਿਆਣਾ)

# ਕੀਰਤਨ ਦੀ ਨਿਸ਼ਕਾਮ ਸੇਵਾ

ਭਾਈ ਜੀਵਨ ਸਿੰਘ ਰਾਗੀ ਲੁਧਿਆਣਾ ਨਿਵਾਸੀ ਧੰਨਬਾਦ, ਕਲਕਤਾ, ਹਜ਼ਾਰੀ ਬਾਗ, ਪਟਨਾ ਦੇ ਇਲਾਕੇ ਵਿਚ ਫਿਰ ਕੇ ਗੁਰਸਿਖੀ ਦਾ ਅਤੁਟ ਪਰਚਾਰ ਕਰ ਰਹੇ ਹਨ । ਥਾਂ ਥਾਂ ਤੇ ਰੈਣ ਸਬਾਈ ਕੀਰਤਨ ਤੇ ਦਿਨਸਵੇਲੇ ਦੇ ਕੀਰਤਨ ਦੀ ਅਤੁਟ ਸੇਵਾ ਕਰ ਰਹੇ ਹਨ ਉਹ ਦਸਮ ਪਾਤਸ਼ਾਹ ਦੇ ਪ੍ਰਕਾਸ਼ ਉਤਸਵ ਤਕ ਏਸੇ ਇਲਾਕੇ ਵਿਚ ਸੇਵਾ ਕਰਨਗੇ ।

ਦਾਸ—ਗਿਆਨ ਸਿੰਘ ਸਿੰਦਰੀ, ਬਿਹਾਰ



www.AKJ.Org

# ਮਾਇਆ ਦਾ ਪ੍ਰਭਾਵ

ਵਲੋਂ :
ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ

*

ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸ ਅਪਨਹੀ । ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ ।੧। ਬਲਵੰਤਿ ਬਿਆਪ ਰਹੀ ਸਭ ਮਹੀ । ਅਵਰ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ । ੧ । ਰਹਾਉ । ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ । ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ।

ਇਸ ਗੁਰਵਾਕ ਦਾ ਇਹ ਸਿਧਾਂਤ ਨਿਕਲਦਾ ਹੈ ਕਿ ਬੜੇ ੨ ਅਨਮਤੀ ਮੁਨੀ ਅਤੇ ਜੋਗੀ ਜੋ ਆਪਣੇ ਆਪ ਨੂੰ ਸ਼ਾਸਤ੍ਰਾਂ ਦਾ ਗਿਆਤਾ ਸਦਾਉਂਦੇ ਹਨ ਇਨ੍ਹਾਂ ਸਾਰਿਆਂ ਨੂੰ ਬਪੜੀ ਮਾਇਆ ਨੇ ਆਪਣੇ ਹੀ ਵਸ ਕਰਿ ਲਿਆ ਹੈ ਸਭ ਤੋਂ ਵਡੇ ਹਿੰਦੂਆਂ ਦੇ ਤਿੰਨ ਦੇਵਤੇ (ਬ੍ਰਹਮਾ, ਬਿਸ਼ਨ, ਮਹੇਸ਼) ਹੋਰ ਤੇਤੀਸ ਕ੍ਰੋੜ ਛੋਟੇ ੨ ਦੇਵਤੇ ਸਭ ਮਾਇਆ ਅਗੇ ਹੈਰਾਨ ਹਨ, ਇਨ੍ਹਾਂ ਤਿੰਨਾਂ ਦੀ ਹੈਰਾਨੀ ਪ੍ਰੇਸ਼ਾਨੀ ਦੀ ਕੋਈ ਹਦ ਨਹੀਂ ਕਿਉਂਕਿ ਉਹ ਮਾਇਆ ਨੇ ਜਕੜ ਕੇ ਆਪਣੇ ਅਨੁਸਾਰੀ ਕਰ ਲਏ, ਇਹ ਮਾਇਆ ਬੜੀ ਪਰਬਲ ਹੈ ਜੋ ਸਭ ਨੂੰ ਚਿੰਮੜੀ ਹੋਈ ਹੈ ਹੋਰ ਕੋਈ ਉਸ ਦਾ ਭੇਦ ਨਹੀਂ ਪਾ ਸਕਿਆ, ਸਿਰਫ ਗੁਰੂ ਪਾਤਸ਼ਾਹ ਦੀ ਕ੍ਰਿਪਾ ਨਾਲ ਹੀ ਇਹ ਵਸਗਤ ਹੁੰਦੀ ਹੈ, ਇਸ ਮਾਇਆ ਨੇ ਸਭ ਥਾਂ ਜਿਤ ਲਏ ਤੇ ਸਾਰੇ ਘਰ ਸਰ ਕਰ ਲਏ, ਸਗਲੇ ਭਵਨਾਂ ਨੂੰ ਲਗੀ ਹੋਈ ਹੈ । ਸਤਿਗੁਰੂ ਸਾਧ ਤੋਂ ਪਰੇ ਨਸਦੀ ਹੈ ਤੇ ਉਸ ਦੀ ਦਾਸੀ ਹੋ ਕੇ ਚਰਨ ਝਸਦੀ ਹੈ । ਗੁਰੂ ਘਰ ਦੇ ਗੁਰਮੁਖਾਂ ਨੂੰ ਪੋਹ ਨਹੀਂ ਸਕਦੀ । ਪਰ ਮਨਮੁਖਾਂ ਮਨ ਮਤੀਆਂ ਨੂੰ ਇਸ ਛਲ ਨਾਗਨੀ ਮਾਇਆ ਨੇ ਖੂਬ ਜਕੜ ਜੱਫਾ ਪਾਇਆ ਹੋਇਆ ਹੈ ।

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ । ਸਾਧ ਸੰਗਤ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ । ਅਬ ਮੋਹਿ ਆਇ ਪਰਿਓ ਸਰਨਾਇ । ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ । ੧ । ਰਹਾਉ । ਸਿਧ ਸਾਧਿਕ ਅਰ ਜਖ ਕਿੰਨਰ ਨਰ ਰਹੀ ਕੰਠਿ ਉਰਝਾਇ । ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ ।

ਬ੍ਰਹਮ ਪੁਰੀ, ਸ਼ਿਵਪੁਰੀ ਤੇ ਇੰਦਰਪੁਰੀ ਵਿਚ ਲੋਕਾਂ ਨੂੰ ਸਰ ਕਰਕੇ ਇਹ ਬਪੁੜੀ ਮਾਇਆ ਜਦੋਂ ਗੁਰਪੁਰੀ ਨੂੰ ਸਰ ਕਰਨ ਲਈ ਗੁਰੂ ਘਰ ਦੀ ਸਾਧ ਸੰਗਤ ਉਤੇ ਧਾ ਕੇ ਆਉਂਦੀ ਹੈ, ਤਦ ਇਹ ਸ਼ਰਮਿੰਦੀ ਹੋ ਕੇ ਰਹਿ ਜਾਂਦੀ ਹੈ, ਉਹ ਗੁਰ ਸੰਗਤ ਪੁਰੀ ਨੂੰ ਜੋਹ ਹੀ ਨਹੀਂ ਸਕਦੀ । ਬਥੇਰਾ ਪਖਾਰ ਪਖਾਰ ਕੇ ਬਿਸਮਾਉਂਦੀ ਹੈ, ਜੋ ਜੋ ਭੀ ਗੁਰੂ ਘਰ ਦੀ ਗੁਰ ਸੰਗਤ ਦੇ ਆ ਸਰਨੀ ਪੈਂਦੇ ਹਨ, ਉਹ ਸਾਰੇ ਦੇ ਸਾਰੇ ਇਸ ਬਪੁੜੀ ਮਾਇਆ ਦੇ ਪੰਜੇ ਤੋਂ ਬਚ ਰਹਿੰਦੇ ਹਨ ਗੁਝੀ ਅਗਨੀ ਬਹੁਤ ਸਾਰੇ ਅਨਮਤੀ ਲੋਕਾਂ ਨੂੰ ਸਾੜ ਕੇ ਸਵਾਹ ਕਰ ਦੇਂਦੀ ਹੈ ਪਰੰਤੂ ਸਤਿਗੁਰ ਦੀ ਸ਼ਰਨੀ ਆਏ ਗੁਰਮੁਖ ਜਨ ਦਾ ਵਾਲ ਵਿੰਗਾ ਨਹੀਂ ਕਰ ਸਕਦੀ ਸਿਧਾਂ ਸਾਧਕਾਂ, ਜਖਾਂ, ਕਿਨਰਾਂ, ਸਮੁਚਿਆਂ ਅਤੇ ਦੇਵਤਿਆਂ ਦੇ ਗਲ ਚਿਮੜੀ



www.AKJ.Org

ਹੀ ਰਹਿੰਦੀ ਹੈ। ਜਿਸ ਗੁਰਮੁਖ ਜਨ ਨੂੰ ਵਾਹਿਗੁਰੂ ਨੇ ਆਪਣੇ ਲੜ ਲਾ ਲਿਆ ਹੈ ਉਸ ਗੁਰੂ ਨਾਨਕ ਸਾਹਿਬ ਦੇ ਘਰ ਚੋਂ ਵਰੋਸਾਏ ਹੋਏ ਸਿਖ ਉਤੇ ਕੁਛ ਅਸਰ ਨਹੀਂ ਪਾ ਸਕਦੀ। ਗੁਰੂ ਨਾਨਕ ਸਾਹਿਬ ਦੇ ਘਰ ਅਗੇ ਅਜੇਹੀਆਂ ਮਾਇਆ ਵਰਗੀਆਂ ਕ੍ਰੋੜਾਂ ਹੀ ਦਾਸੀਆਂ ਪਈਆਂ ਟਕਰਾਂ ਮਾਰਦੀਆਂ ਫਿਰਦੀਆਂ ਹਨ।

ਗੂਜਰੀ ਅਸਟਪਦੀਆਂ ਮਹਲਾ ੧ ਘਰ ੧।

ੴ ਸਤਿਗੁਰ ਪ੍ਰਸਾਦਿ ॥

ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ। ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ। ਚੇਤਹੁ ਬਾਸੁਦੇਉ ਬਨਵਾਲੀ। ਰਾਮੁ ਰਿਦੈ ਜਪਮਾਲੀ।੧। ਰਹਾਉ। ਉਰਧ ਮੂਲ ਜਿਸ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ। ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ। ਪਾਰਾਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ। ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ। ਸੁਣ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ। ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮ ਨ ਕਾਲਾ। ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ। ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ। ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ। ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ। ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ। ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ। ਮਹਾ ਗੰਭੀਰ ਪਤ੍ਰ ਪਾਤਾਲਾ ਨਾਨਕ ਸਰਬ ਜੁਆਇਆ। ਉਪਦੇਸ ਗੁਰੂ ਮਮ ਪੁਨਹਿ ਜਨ ਗਰਭੰ ਬਿਖੁ ਤਜਿ ਅੰਮ੍ਰਿਤ ਪੀਆਇਆ।

ਇਸ ਅਸਟਪਦੀ ਵਿਖੇ ਬ੍ਰਹਮ ਪ੍ਰਥਾਇ ਪ੍ਰਚਲਤ ਭਾਵ ਦੀ ਖਿਆਲ ਮਈ ਭੁਲ ਕਢ ਕੇ ਗੁਰਮਤਿ ਵਾਲਾ ਸਹੀ ਖਿਆਲ ਦਰਸਾਇਆ ਗਿਆ ਹੈ। ਮਾਇਆ ਜਾਲ ਵਾਲੇ ਤ੍ਰੈਗੁਣੀ ਬ੍ਰਹਮ ਦਾ ਖਿਆਲ ਹਟਾ ਕੇ ਇਕੋ ਅਵਗਤ ਅਬਿਨਾਸ਼ੀ ਸੁਤੇ ਪ੍ਰਕਾਸ਼ ਨਿਰੰਜਨ ਰੂਪ ਇਕੋ ਹਸਤੀ ਅਕਾਲ ਮੂਰਤ ਦਾ ਗੁਰਮਤਿ ਗਿਆਨ ਦ੍ਰਿੜਾਇਆ ਗਿਆ ਹੈ। ਇਸ ਸਰੀਰ ਰੂਪੀ ਨਗਰੀ ਵਿਚ ਕਾਮ ਕ੍ਰੋਧ ਲੋਭ ਆਦਿਕ ਪੰਜ ਚੋਰ ਵਸਦੇ ਹਨ ਮਨ ਦੀ ਮਤ ਦੁਆਰਾ ਵਰਜਦਿਆਂ ਭੀ ਉਹ ਚੋਰੀ ਕਰਨ ਉਠ ਧਾਉਂਦੇ ਹਨ ਤਿਨਾਂ ਗੁਣਾਂ ਅਤੇ ਦਸੇ ਵਿਸ਼ਿਆਂ ਤੇਰਾਂ (੧੩) ਹੀ ਗੁਣਾਂ ਤੋਂ ਜੋ ਜਨ ਆਪਣਾ ਮਾਲ ਬਚਾ ਕੇ ਰਖਦੇ ਹਨ ਸੋਈ ਜਨ ਗੁਰੂ ਨਾਨਕ ਸਾਹਿਬ ਦੀ ਕ੍ਰਿਪਾ ਨਾਲ ਮੋਖ ਪਦਵੀ ਨੂੰ ਪ੍ਰਾਪਤ ਹੁੰਦੇ ਹਨ, ਗੁਰੂ ਨਾਨਕ ਸਾਹਿਬ ਦੀ ਕ੍ਰਿਪਾ ਉਨ੍ਹਾਂ ਹੀ ਗੁਰਮੁਖਾਂ ਤੇ ਹੁੰਦੀ ਹੈ ਜੋ ਸਰਬ ਨਿਵਾਸੀ ਪ੍ਰਮੇਸਰ ਕਰਤਾਰ ਵਾਹਿਗੁਰੂ ਨੂੰ ਹਿਰਦੇ ਅੰਦਰ ਹਰ ਦਮ ਵਾਹਿਗੁਰੂ ਨਾਮ ਦੀ ਜਪ ਮਾਲਾ ਫੇਰ ਕੇ ਯਾਦ ਕਰਦੇ ਰਹਿੰਦੇ ਹਨ। ਅਕਾਲ ਪੁਰਖ ਰੂਪੀ ਪਾਰਬ੍ਰਹਮ ਮਈ ਪ੍ਰਕਾਸ਼ ਰੂਪ ਬ੍ਰਿਛ ਐਸਾ ਹੈ ਜਿਸ ਦੀ ਉਪਰ ਨੂੰ ਉਰਧ ਮੂਲੀਂ ਜੜ ਹੈ ਜਿਸ ਦੀਆਂ ਸ਼ਾਖਾਂ ਅਤੇ ਟਾਹਣੀਆਂ ਹੇਠਾਂ ਨੂੰ ਲਗੇ ਹੋਏ ਹਨ, ਇਨ੍ਹਾਂ ਤਿੰਨਾਂ ਗੁਣਾਂ ਦਾ ਵਿਸਥਾਰ ਹੀ ਵੇਦ ਕਰਦੇ ਹਨ, ਚੌਥੇ ਪਦ ਦੀ ਖਬਰ ਨਹੀਂ ਦਿੰਦੇ ਯਥਾ ਗੁਰਵਾਕ :—

'ਚਾਰੇ ਬੇਦ ਕਥਿਹ ਆਕਾਰੁ। ਤੀਨਿ ਅਵਸਥਾ ਕਹਿ ਵਿਖਿਆਨੁ। ਤੁਰੀਆ ਅਵਸਥਾ ਸਤਿਗੁਰ ਤੇ ਹਰਿ ਜਾਨੁ।'

ਏਹਨਾਂ ਤਿਹਾਂ ਗੁਣਾਂ ਨੂੰ ਛਡ ਕੇ ਜੋ ਗੁਰੂ ਵਰੋਸਾਏ ਗੁਰਮੁਖ ਜਨ ਚੌਥੇ ਪਦ ਦੀ (ਤੁਰੀਆ) ਸਹਜ ਅਵਸਥਾ ਵਾਲੇ ਭਾਵ ਵਿਚ ਲੀਨ ਹੋ ਜਾਂਦੇ ਹਨ, ਉਹ ਹੀ ਗੁਰਮੁਖ ਜਨ, ਪਾਰਬ੍ਰਹਮ ਦੇ ਸਚੇ ਪ੍ਰੇਮ ਵਿਚ ਸਵਧਾਨ ਹੋ ਕੇ ਜਾਗਦੇ ਹੀ ਰਹਿੰਦੇ ਹਨ ਸਾਰੀਆਂ ਮਨੋ ਭਾਵਣਾਂ ਪੂਰੀਆਂ ਕਰਨ ਵਾਲਾ ਪਾਰਜਾਤੀ ਬ੍ਰਿਛ ਵਾਹਿਗੁਰੂ ਨਾਮ ਦੇ ਪ੍ਰਤਾਪ ਕਰਕੇ ਮੇਰੇ ਆਂਗਨ ਰੂਪੀ ਘਰ ਬੇਹੜੇ ਵਿਚ (ਘਰ ਅੰਦਰ) ਹੀ ਉਗਵ ਖਲੋਤਾ ਹੈ ਤਤ ਸਤਿਮਈ ਉਸ ਦੇ ਦਿਬ



www.AKJ.Org

ਸਰੂਪੀ ਫੁਲ ਅਤੇ ਪਤੇ ਤੇ ਟਾਹਣੇ ਹਨ, ਇਹ ਪਾਰਜਾਤੀ ਬਿਰਖ ਆਪਣੇ ਆਪ ਤੋਂ ਪੈਦਾ ਹੋਇਆ ਅਕਾਲ ਪੁਰਖੀ ਬਿਰਛ ਵਿਚ ਮਾਇਆ ਤੋਂ ਨਿਰਲੇਪ ਹਸਤੀ ਰਖਦਾ ਹੈ, ਜਿਸ ਨੇ ਇਸ ਤੁਰੀਆ ਗੁਣੀ ਬਿਰਛ ਵਾਹਿਗੁਰੂ ਦੀ ਸਾਇਆ ਦਾ ਅਨੰਦ ਮਾਣਿਆ ਹੈ ਉਹ ਮਾਇਆ ਰੂਪੀ ਬਖੇੜਿਆਂ ਦੇ ਬਹੁਤੇ ਜੰਜਾਲਾਂ ਵਿਚ ਨਹੀਂ ਪੈਂਦਾ, ਗੁਰੂ ਨਾਨਕ ਦੇ ਘਰ ਦੇ ਜੋ ਗੁਰਦੀਖਿਆ ਲੈਣ ਵਾਲੇ ਸਿਖਵੰਤੇ ਉਪਾਸ਼ਕ ਜਨ ਹਨ ਤਿਨ੍ਹਾਂ ਨੇ ਮਾਇਆ ਦੇ ਫੰਦੇ ਉਕੇ ਹੀ ਛਡ ਦਿਤੇ ਹਨ। ਤਿਨ੍ਹਾਂ ਦੀ ਮਨ ਬਚਨ ਕਰਮ ਕਰਕੇ ਸਦਾ ਹੀ ਇਕ ਵਾਹਿਗੁਰੂ ਨਾਮ ਨਾਲ ਲਿਵ ਲਗੀ ਰਹਿੰਦੀ ਹੈ ਤਿਨ੍ਹਾਂ ਦਾ ਮੁੜ ਕੇ ਜਨਮ ਨਹੀਂ ਹੁੰਦਾ। ਨਾਹੀ ਮਰਨਾ ਹੁੰਦਾ ਹੈ। ਉਹ ਸਚਾ ਹਕੀਮ ਹੈ ਜੋ ਬਿਮਾਰ ਦੀ ਅਸਲੀ ਬੀਮਾਰੀ ਨੂੰ ਸਮਝੇ, ਇਸੇ ਪ੍ਰਕਾਰ ਉਹੀ ਸਚਾ ਗੁਰੂ ਹੈ ਅਤੇ ਉਹ ਹੀ ਉਸ ਦਾ ਦੀਖਸ਼ਾ ਪ੍ਰਾਪਤ ਹੋਇਆ ਸਿਖ ਹੈ ਜੋ ਰੋਗੀ ਸੰਸਾਰ ਦੇ ਰੋਗ ਨੂੰ ਸਮਝੇ ਭੁਲੇ ਹੋਏ ਲੋਕਾਂ ਦੀਆਂ ਗਲਤੀਆਂ ਨੂੰ ਠੀਕ ਸਮਝਕੇ ਆਪ ਉਨ੍ਹਾਂ ਤੋਂ ਬਚਦਾ ਰਹੇ ਤਿਸ ਗੁਰਮੁਖ ਜਨ ਨੂੰ ਏਸ ਗੁਰੂ ਬਖਸ਼ਿਸ਼ ਗੁਰਮਤਿ ਦੇ ਚਾਨਣੇ ਵਿਚ ਸਿਵਾਏ ਗੁਰਮਤਿ ਨਾਮ ਅਭਿਆਸ ਦੇ ਹੋਰ ਕੋਈ ਕੰਮ ਨਹੀਂ ਅਤੇ ਨਾ ਹੀ ਧੰਧਾ ਹੈ, ਉਹ ਕਿਸੇ ਦੇ ਧੰਧੇ ਵਿਚ ਖਚਤ ਹੋਣ ਵਾਲਾ ਗਰਿਸਤੀ ਨਹੀਂ। ਸਭ ਗਰਿਸਤ ਦੇ ਧੰਧ ਬੰਧ ਤੋਂ ਨਿਰਲੇਪ ਰਹਿਣ ਵਾਲਾ ਗੁਰਮੁਖ ਸਿਖ ਜਨ ਹੈ। ਗਰਿਸਤ ਉਦਾਸ ਸਚਾ ਜੋਗੀ ਜਨ ਅਖਵਾ ਸਕਦਾ ਹੈ ਉਸ ਗੁਰਮੁਖ ਜਨ ਤੋਂ ਸੁਤੇ ਸੁਭਾਵ ਹੀ ਕਾਮ, ਕ੍ਰੋਧ, ਲੋਭ, ਮੋਹਿ, ਅਹੰਕਾਰ ਪੰਜੇ ਵਿਸ਼ੇ ਛੁੜਕ ਜਾਂਦੇ ਹਨ, ਨਾਹੀ ਉਨ੍ਹਾਂ ਨੂੰ ਮਾਇਆ ਬਿਆਪਰਦੀ ਹੈ। ਪੰਜੇ ਬੈਰੀਆਂ ਦਾ ਸੰਜੋਗ ਤਜ ਦਿਤਾ (ਛਡ ਦਿਤਾ) ਹੁੰਦਾ ਹੈ। ਆਪਣੇ ਮਨ ਅੰਦਰ ਉਹ ਸਦਾ ਅਬਿਨਾਸ਼ੀ ਕਰਤਾਰ ਤਤ ਅਬਗਿਤ ਵਾਹਿਗੁਰੂ ਨੂੰ ਧਿਆਉਂਦੇ ਰਹਿੰਦੇ ਹਨ। ਗੁਰੂ ਪ੍ਰਸ਼ਾਦਿ (ਕ੍ਰਿਪਾ ਕਰ ਹੀ) ਇਹ ਉਚੀ ਅਵਸਥਾ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਗੁਰਮਤਿ ਗਿਆਨ ਤੇ ਗੁਰਮਤਿ ਧਿਆਨ ਸਭ ਦਾਤਾਰ ਵਾਹਿਗੁਰੂ ਦੀ ਦਾਤ ਹੀ ਸਮਝੀ ਜਾਂਦੀ ਹੈ ਜਿਸ ਨੂੰ ਇਹ ਦਾਤ ਮਿਲੇ ਉਸ ਦੇ ਵਿਕਾਰ ਰੂਪ ਦੂਤ ਸਭ ਚਿਟੇ ਰੰਗ ਵਾਲੇ ਸੇਤ ਵਰਨੀ ਸਫੇਦ ਮੁਖੀ ਹੋ ਜਾਂਦੇ ਹਨ (ਅਰਥਾਤ) ਦੁਖ ਸਭ ਦੂਰ ਹੋ ਜਾਂਦੇ ਹਨ, ਉਹ ਨੇੜੇ ਹੀ ਨਹੀਂ ਆਉਂਦੇ। ਉਨ੍ਹਾਂ ਦਾ ਹਿਰਦਾ ਕੰਵਲ ਸਦਾ ਖਿੜਿਆ ਰਹਿੰਦਾ ਹੈ ਅਤੇ ਉਨ੍ਹਾਂ ਦੇ ਅੰਦਰ ਵਾਹਿਗੁਰੂ ਨਾਮ ਰੂਪੀ ਕੰਵਲ ਸਦਾ ਹੀ ਜੋਤ ਭਰਿਆ ਹਰਿਆ (ਸਰਸਬਜ਼) ਰਹਿੰਦਾ ਹੈ। ਐਸਾ ਹਰੇ ਭਰੇ ਸਦਾ ਜੋਤ ਜਗੰਨੇ ਰਸਭਿੰਨੇ ਹਿਰਦੇ ਕੰਵਲ ਵਾਲਾ ਗੁਰਮੁਖ ਜਨ ਸਦਾ ਹੀ ਸਾਵਧਾਨ ਹੋ ਕੇ ਵਾਹਿਗੁਰੂ ਨਾਮ ਦੇ ਰਸਕ ਧਿਆਨ ਵਿਚ ਜੁਟਿਆ ਰਹਿੰਦਾ ਹੈ, ਸਦਾ ਸਦਾ ਜਾਗਣ ਕਰਦਾ ਹੈ ਕਦੇ ਭੀ ਨਹੀਂ ਸੌਂਦਾ ਉਹ ਬ੍ਰਹਮ ਕੰਵਲ ਰੂਪੀ ਬਿਰਛ ਬਹੁਤ ਡੂੰਘਾ ਹੈ, ਉਸ ਦੇ ਪਤੇ ਪਾਤਾਲ, ਉਹ ਸਾਰੀ ਸ੍ਰਿਸਟੀ ਨਾਲ ਜੁੜਿਆ ਹੋਇਆ ਹੈ। ਆਪ ਸਭ ਵਿਚ ਵਿਆਪਕ ਹੈ, ਗੁਰੂ ਦੇ ਦੀਖਿਆ ਮਈ ਉਪਦੇਸ ਕਰਕੇ ਗੁਰਮੁਖ ਨਾਮ ਜਪਣ ਵਾਲਿਆਂ ਦਾ ਫੇਰ ਜਨਮ ਨਹੀਂ ਹੋਵੇਗਾ ਉਹ ਕਾਹਨੂੰ ਜੂਨੀ ਪੈਣਗੇ ਕਿਉਂਕਿ ਉਹ ਤਾਂ ਮਾਇਆ ਦਾ ਉਕਾ ਹੀ ਪ੍ਰੀਤਿਆਗ ਕਰਕੇ ਅੰਮ੍ਰਿਤ ਰਸ ਦੇ ਗਟਾਕ ਹੀ ਪੀਂਦੇ ਹਨ।

ਕਵਨ ਕਵਨ ਜਾਕਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ। ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ ।੧। ਐ ਜੀ ਜਪੁ ਤਪੁ ਸੰਜਮੁ ਸਚੁ ਅਧਾਰ। ਹਰਿ ਹਰਿ ਨਾਮੁ ਦੇਹਿ ਸੁਖੁ ਪਾਈਐ ਤੇਰੀ ਭਗਤਿ ਭਰੇ ਭੰਡਾਰ।੧। ਰਹਾਉ। ਸੁੰਨ ਸਮਾਧਿ ਰਹਿਹ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ। ਜਲੁ ਥਲੁ ਧਰਨਿ ਗਗਨੁ ਤਹ ਨਾਹੀ ਆਪੇ ਆਪ ਕੀਆ ਕਰਤਾਰ।੨। ਨ ਤਦਿ ਮਾਇਆ ਮਗਨੁ ਨ ਛਾਇਆ ਨ ਸੂਰਜ ਚੰਦ ਨ ਜੋਤਿ ਅਪਾਰ। ਸਰਬ ਦ੍ਰਿਸਟ ਲੋਚਨ ਅਭ ਅੰਤਰਿ ਏਕਾ ਨਦਰੁ ਸੁ ਤ੍ਰਿਭਵਣ ਸਾਰ।੩। ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ। ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ



www.AKJ.Org

ਬੀਚਾਰ। ਕੋਟਿ ਤੇਤਸਿ ਜਾਚਹਿ ਪ੍ਰਭ ਨਾਇਕ ਦੇ ਦੇ ਤੋਟਿ ਨਾਹੀ ਭੰਡਾਰ। ਊਂਧੈ ਭਾਂਡੇ ਕਛੁ ਨ ਸਮਾਵੈ ਸੀਧੈ ਅੰਮ੍ਰਿਤ ਪਰੈ ਨਿਹਾਰ। ਸਿਧ ਸਮਾਧੀ ਅੰਤਰ ਜਾਚਹ ਰਿਧਿ ਸਿਧਿ ਜਾਚਿਕ ਕਰਹਿ ਜੈਕਾਰ। ਜੈਸੀ ਪਿਆਸ ਹੋਇ ਮਨ ਅੰਤਿਰ ਤੈਸੋ ਜਲੁ ਦੇਵਿਹ ਪਰਕਾਰ। ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ। ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ। ਅਬ ਤਬ ਅਵਰ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰ। ਨਾਨਕ ਚਾਤ੍ਰਿਕ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾ ਧਾਰਿ।

ਵਾਹਿਗੁਰੂ ਦਾਤੇ ਦੀ ਯਾਚਨਾ ਕਰਨ ਵਾਲੇ ਅਸੰਖ ਅਨੇਕ ਹਨ ਤਿਨ੍ਹਾਂ ਦਾ ਅੰਤ ਸ਼ੁਮਾਰ ਪੈਂਦਾ ਹੀ ਨਹੀਂ ਕਿਸ ਕਿਸ ਨੂੰ ਗਿਣੀਏ, ਜਿਸ ਜਿਸ ਦੇ ਹਿਰਦੇ ਜੇਹੋ ਜੇਹੀ ਭੁਖ ਦੀ ਯਾਚਨਾ ਹੁੰਦੀ ਹੈ ਤੇਹੋ ਜੇਹੀ ਦਾਤ ਵਾਹਿਗੁਰੂ ਸਮਰਥ ਸਚਾ ਦਾਤਾਰ ਦੇਵਣਹਾਰ ਹੈ। ਸਚਾ ਆਧਾਰ ਜਪ ਤਪ ਸੰਜਮ ਰੂਪੀ ਸਚੇ ਨਾਮ ਅਭਿਆਸ ਦਾ ਹੈ। ਵਾਹਿਗੁਰੂ ਦਾਤਾਰ ਆਪਣੀ ਅਪਾਰ ਕ੍ਰਿਪਾ ਕਰਕੇ ਅਜੇਹੇ ਸਚੇ ਨਾਮ ਅਭਿਆਸ ਰੂਪੀ ਆਧਾਰ ਦੀ ਦਾਤ ਆਪਣੇ ਗੁਰਸਿਖ ਸੇਵਕਾਂ ਨੂੰ ਸਚੇ ਆਤਮ ਸੁਖ ਪ੍ਰਾਪਤੀ ਵਾਲੀ ਸਚੀ ਦਾਤ ਬਖਸ਼ਦਾ ਹੈ, ਜਿਸ ਕਿਸੇ ਨੂੰ ਅਪਾਰ ਦਾਤ ਵਾਹਿਗੁਰੂ ਨੇ ਬਖਸ਼ੀ ਹੈ ਤਿਸ ਦੇ ਭਾ ਦੇ ਤਾਂ ਵਾਹਿਗੁਰੂ ਭੰਡਾਰ ਭਗਤੀ ਦੇ ਖੁਲ ਜਾਂਦੇ ਹਨ, ਇਹ ਕੇਵਲ ਗੁਰਮਤਿ ਦੀਖਿਆ ਵਾਲਾ ਨਾਮ ਅਭਿਆਸ ਹੀ ਹੈ, ਜਿਸ ਵਿਖੇ ਲਿਵ ਲਾ ਕੇ ਗੁਰਮੁਖ ਜਨ ਅਫੁਰ ਸਮਾਧੀ ਵਿਚ ਲੀਨ ਹੋ ਜਾਂਦੇ ਹਨ, ਅਜੇਹੇ ਅਫੁਰ ਸਮਾਧੀ ਵਾਲੇ ਗੁਰਮੁਖ ਜਨਾਂ ਨੂੰ ਪਰੀ-ਪੂਰਨ ਅਕਾਰ ਵਾਹਿਗੁਰੂ ਸਾਰੇ ਜਲ ਥਲ ਧਰਤੀ ਅਕਾਸ਼ ਵਿਖੇ ਰਮਿਆ ਹੋਇਆ ਪ੍ਰਤਖ ਨਜ਼ਰੀ ਆਉਂਦਾ ਹੈ ਗੁਰਮਤਿ ਨਾਮ ਰੂਪੀ ਸ਼ਬਦ ਦੀ ਐਸੀ ਅਗਾਧ ਕਲਾ ਹੈ ਗੁਰਮੁਖ ਜਨਾਂ ਦੀ ਐਸੀ ਅਵਸਥਾ ਵਿਖੇ ਮਾਇਆ ਮਗਨਤਾ ਵਾਲੀ ਛੈ ਰੂਪੀ ਛਲਨੀ ਮਾਇਆ ਨਹੀਂ ਪੋਹਿੰਦੀ ਤਿਸ ਅਵਸਥਾ ਦੀ ਐਸੀ ਅਪਾਰ ਜੋਤ ਚਾਨਣੀ ਹੁੰਦੀ ਹੈ ਜਿਸ ਦੇ ਮੁਕਾਬਲੇ ਵਿਚ ਇਸ ਦ੍ਰਿਸ਼ਟਮਾਨ ਸੂਰਜ ਦੀ ਜੋਤ ਮਧਮ ਪੈ ਜਾਂਦੀ ਹੈ। ਇਸ ਨੂੰ ਦੇਖਣ ਵਾਲੀਆਂ ਅਖੀਆਂ ਹਿਰਦੇ ਅੰਦਰ ਹੀ ਪੈਦਾ ਹੋ ਜਾਂਦੀਆਂ ਹਨ, ਤੇ ਇਕੋ ਨਜ਼ਰ ਨਾਲ ਹੀ ਤਿਹਾਂ ਲੋਕਾਂ ਸਾਰੀ ਕਾਇਨਾਤ ਦੀ ਸੋਝੀ ਹੋ ਜਾਂਦੀ ਹੈ, ਇਹ ਪੌਣ ਪਾਣੀ ਅਗਨੀ ਸਭ ਵਾਹਿਗੁਰੂ ਦੇ ਹੀ ਕੀਤੇ ਹੋਏ ਹਨ। ਬ੍ਰਹਮਾ, ਬਿਸ਼ਨ ਮਹੇਸ਼ ਦੇ ਅਕਾਰ ਭੀ ਵਾਹਿਗੁਰੂ ਦੇ ਹੀ ਰਚੇ ਹੋਏ ਹਨ, ਇਹ ਸਭ ਵਾਹਿਗੁਰੂ ਦੇ ਦਰ ਦੇ ਚਾਕਰ ਹਨ ਅਤੇ ਵਾਹਿਗੁਰੂ ਹੀ ਸਭ ਦਾ ਦਾਤਾ ਹੈ, ਜਿਸ ਉਤੇ ਨਦਰ ਭਾਵਨੀ ਹੁੰਦੀ ਹੈ ਉਸੇ ਉਤੇ ਹੀ ਆਪਣੀ ਵੀਚਾਰ ਅਨੁਸਾਰ ਦਾਤਾਰ ਕਰਤਾਰ ਵਾਹਿਗੁਰੂ ਦਾਨ ਦੇਣ ਦੀ ਬਖਸ਼ਿਸ਼ ਕਰਦਾ ਹੈ, ਤੇਤੀ ਕਰੋੜ ਦੇਵਤੇ ਸਭ ਵਾਹਿਗੁਰੂ ਸਚੇ ਕਰਤਾਰ ਦੇ ਦਰ ਦੇ ਮੰਗਤੇ ਹੀ ਹਨ, ਜਿਸ ਨੂੰ ਉਹ ਚਾਹੇ ਇਨ੍ਹਾਂ ਦਾਤਾਂ ਦੇ ਭੰਡਾਰਾਂ ਦੇ ਭੰਡਾਰ ਬਖਸ਼ ਦੇਵੇ ਉਸ ਦੇ ਦਰ ਵਿਖੇ ਟੋਟਾ ਘਾਟਾ ਕੋਈ ਨਹੀਂ ਜਿਨ੍ਹਾਂ ਦੇ ਹਿਰਦੇ ਰੂਪੀ ਭਾਂਡੇ ਅਗਿਆਨ ਅੰਧੇਰੇ ਕਰਕੇ ਮੂੰਧੇ ਹੀ ਪਏ ਹਨ, ਉਨ੍ਹਾਂ ਵਿਚ ਕੋਈ ਵਸਤ ਨਹੀਂ ਸਮਾ ਸਕਦੀ ਵਾਹਿਗੁਰੂ ਦੀ ਕ੍ਰਿਪਾ ਨਾਲ ਜਿਨ੍ਹਾਂ ਦੇ ਉਰਧ ਕਮਲ ਸਿਧੇ ਹੋ ਗਏ ਹਨ, ਤਿਨ੍ਹਾਂ ਗੁਰਮੁਖਾਂ ਦੇ ਹਿਰਦੇ ਰੂਪੀ ਭਾਂਡੇ ਵਿਚ ਅੰਮ੍ਰਿਤ ਬੂੰਦਾਂ ਤ੍ਰੇਲ ਵਾਂਗੂ ਪੈਂਦੀਆਂ ਹਨ।

ਕਈ ਤਾਂ ਸਿਧ ਲੋਗ ਸਮਾਧੀਆਂ ਲਾ ਕੇ ਰਿਧੀਆਂ ਸਿਧੀਆਂ ਦੀਆਂ ਕਰਾਮਾਤਾਂ ਦਾਤੇ ਪਾਸੋਂ ਮੰਗਦੇ ਹਨ ਅਤੇ ਅਜੇਹੀਆਂ ਮੰਗਾਂ ਮੰਗ ਕੇ ਹੀ ਵਾਹਿਗੁਰੂ ਦਾਤਾਰ ਦਾ ਜੈਕਾਰ ਹੀ ਕਰਦੇ ਹਨ। ਜਿਸ ਪ੍ਰਕਾਰ ਦੀ ਪਿਆਸ ਕਿਸੇ ਜਾਚਕ ਦੇ ਮਨ ਨੂੰ ਹੁੰਦੀ ਹੈ ਤਿਸ ਪ੍ਰਕਾਰ ਦੀ ਪਿਆਸ ਨਿਵਾਰਨ ਵਾਲਾ ਜਲ ਵਾਹਿਗੁਰੂ ਉਸ ਨੂੰ ਦੇ ਦੇਂਦਾ ਹੈ ਜਿਹੜੇ ਵਡਭਾਗੀ ਗੁਰਮੁਖ ਜਨ, ਸਿਖ ਸੇਵਕ ਹਨ ਉਨ੍ਹਾਂ ਨੂੰ ਹੀ ਵਾਹਿਗੁਰੂ ਦੇ ਦਰ ਤੋਂ ਗੁਰਦੀਖਿਆ ਨਾਮ ਰੂਪੀ ਸਚੀ ਦਾਤ ਮਿਲਦੀ ਹੈ। ਜਿਸ ਨੂੰ ਜਪ ਜਪ ਕੇ ਉਹ ਗੁਰਦੇਵ ਮੁਰਾਰ ਵਾਹਿਗੁਰੂ ਕਰਤਾਰ ਨਾਲ ਅਭੇਦ ਰੂਪ ਹੋ ਜਾਂਦੇ ਹਨ, ਇਸ ਪ੍ਰਕਾਰ ਜਿਨਾਂ ਨੇ ਸ਼ਬਦ*



www.AKJ.Org

ਸਿੱਖਾਂ ਦਾ ਕਰਬਲਾ—

# ਚਮਕੌਰ ਸਾਹਿਬ

(ਪਹਿਲੀ ਕਿਸ਼ਤ)

ਵਲੋਂ :

ਗਿਆਨੀ ਜਸਮੇਰ ਸਿੰਘ ਜੀ 'ਪਾਲ' ਚੰਡੀਗੜ੍ਹ

*

## ਸਿਦਕ ਦੀ ਟੇਕ ਤੇ ਫ਼ੌਲਾਦੀ ਸਪਿਰਟ

ਚਮਕੌਰ ਸਾਹਿਬ ਦੀ ਜੰਗ ਸਿੱਖ ਇਤਿਹਾਸ ਦਾ ਮੀਲ ਪਥਰ ਹੈ। ਕਰਬਲਾ ਵਿਚ ਹਸਨ ਹੁਸੈਨ ਨੇ ਸਹਾਦਤਾਂ ਪਾਈਆਂ ਸਨ ਚਮਕੌਰ ਵਿਖੇ ਬਾਬਾ ਅਜੀਤ ਸਿੰਘ ਬਾਬਾ ਜੁਝਾਰ ਨੇ ਲਾੜੀ ਮੌਤ ਨੂੰ ਵਿਆਹਿਆ ਸੀ। ਸੰਸਾਰ ਦੇ ਇਤਿਹਾਸ ਵਿਚ ਚਮਕੌਰ ਦੇ ਸਮਾਨ ਕੋਈ ਸਾਕਾ ਨਹੀਂ। ਕਰਬਲਾ ਦੇ ਮੈਦਾਨ ਵਿਚ ਰੇਤ ਦੇ ਟਿਬੇ ਤੇ ਖਜੂਰਾਂ ਦੇ ਝੁੰਡ ਹਨ ਇਵੇਂ ਚਮਕੌਰ ਸਾਹਿਬ ਵੀ ਰੇਤ ਦੀ ਪੱਬੀ ਤੇ ਖਜੂਰਾਂ ਦੇ ਵਿਚਕਾਰ ਘਿਰਿਆ ਹੈ। ਸਿੰਘਾਂ ਨੇ ਜੋ ਅਦੁਤੀ ਬਹਾਦਰੀ ਦੇ ਕਾਰਨਾਮੇ ਇਥੇ ਕਰ ਵਿਖਾਏ ਉਨ੍ਹਾਂ ਨਾਲ ਰੁਸਤਮ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਸਿਕੰਦਰ, ਨਿਪੋਲੀਅਨ ਬੋਨਾ ਪਾਰਟ, ਨੈਲਸ਼ਨ ਤੇ ਸਪਾਰਟਾ ਦੇ ਯੋਧੇ ਮਾਤ ਪੈ ਜਾਂਦੇ ਹਨ। ਇਹ ਉਹ ਜੰਗ ਭੂਮੀ ਹੈ ਜਿਥੇ ਗੁਰੂ ਨਾਨਕ ਨਾਮ ਲੇਵਾ ਸੰਤ ਨੂੰ ਸਿਪਾਹੀਆਂ ਦੇ ਰੂਪ ਵਿਚ ਦੁਨੀਆਂ ਨੇ ਵੇਖਿਆ। ਜਿਥੇ ਵਢੇ ਹੋਏ ਸਿਰ ਇਉਂ ਰੁਲ ਰਹੇ ਸਨ ਜਿਵੇਂ ਬਜ਼ਾਰਾਂ ਵਿਚ ਤਰਬੂਜ਼ ਤੇ ਹਦਵਾਣੇ ਰੁਲ ਰਹੇ ਹੁੰਦੇ ਹਨ। ਇਥੇ 'ਸਵਾ ਲਾਖ ਸੇ ਏਕ ਲੜਾਊਂ' ਦਾ ਆਦਰਸ਼ ਅਸਲੀ ਰਣਭੂਮੀ ਵਿਚ ਮੌਤ ਭਜੀ ਜਾਂਦੀ ਵੇਖੀ ਗਈ। ਉਹ ਜ਼ਿੰਦਗੀ ਹੀ ਕਾਹਦੀ ਜਿਸ ਨੂੰ ਹਰ ਵੇਲੇ ਮੌਤ ਦਾ ਖਟਕਾ ਲਗਾ ਰਹੇ। ਸਮੇਂ ਨੇ ਸੰਸਾਰ ਨੂੰ ਪੁਰਾਣਾ ਕਰ ਦਿਤਾ ਹੈ ਪਰੰਤੂ ਸਮਾ ਚਮਕੌਰ ਦੀ ਧਰਤੀ ਵਿਚਕਾਰ ਸ਼ਹੀਦ ਹੋਣ ਵਾਲੇ ਸਿਰਲੱਥ ਸੂਰਮਿਆਂ ਨੂੰ ਪੁਰਾਣਾ ਨਹੀਂ ਕਰ ਸਕਦਾ। ਦੁਨੀਆਂ ਦੇ ਲੋਕ ਜ਼ਮਾਨੇ ਨਾਲ ਬਦਲਦੇ ਹਨ, ਤਕਦੀਰਾਂ ਕਿਸਮਤਾਂ ਅਗੇ ਹਥਿਆਰ ਸੁਟਦੇ ਵੇਖੇ ਗਏ ਹਨ ਪਰੰਤੂ ਚਮਕੌਰ ਦੀ ਰਣਭੂਮੀ ਦੇ ਚਾਲੀ ਮੁਕਤਿਆਂ ਨੇ ਮੌਤ, ਕਿਸਮਤ, ਤਕਦੀਰ ਤੇ ਹੋਣੀ ਨੂੰ ਬੰਦੂਕਾਂ, ਤੀਰਾਂ ਅਗੇ ਲਾ ਲਿਆ। ਭਾਵੇਂ ਸਿੰਘ ਭੁਖ ਦੇ ਦੁਖੋਂ ਆਤੁਰ ਸਨ, ਸਿਆਲ ਦੀ ਬਰਖਾ ਨੇ ਉਹਨਾਂ ਦੇ ਰਾਹ ਰੋਕ ਲਏ ਸਨ, ਪੋਹ ਦਾ ਠੰਢਾ ਠਾਰ ਕੱਕਰ ਪੈ ਰਿਹਾ ਸੀ, ਸਰਸੇ ਵਿਚ ਗੜੁਚ ਹੋ ਕੇ ਆਏ ਸਨ ਉਪਰੋਂ ਮੁਲਖਈਆ ਤੁਰਕ ਦਲ ਚੜ੍ਹਿਆ ਆ ਰਿਹਾ ਸੀ, ਇਨਾਂ ਕੁਝ ਹੋਣ ਦੇ ਬਾਵਜੂਦ ਵੀ ਸਿੰਘਾਂ ਦੇ ਦਿਲ ਨਹੀਂ ਸਨ ਹਾਰੇ। ਇਕ ਇਕ ਸਿੰਘ ਲੱਖਾਂ ਉਤੇ ਭਾਰੂ ਸੀ। ਤੁਰਕਾਂ ਦਾ ਟਿੱਡੀ ਦਲ (ਸੂਬਾ ਲਾਹੌਰ ਤੇ ਸੂਬਾ ਸਰਹੰਦ ਦੀਆਂ ਫ਼ੌਜਾਂ, ਦਿਲੀ ਵਾਲੇ ਲਸ਼ਕਰ) ਤੇ ਬਾਈਧਾਰ ਪਹਾੜੀ ਰਾਜੇ ਭਾੜੇ ਦੇ ਟੱਟੂ ਉਹਨਾਂ ਸਿਰਲੱਥ ਜੰਗ ਬਹਾਦਰ

---

*ਰੂਪ ਨਾਮ ਅਭਿਆਸ ਰੂਪ ਵੀਚਾਰ ਅੰਤਰ ਗਤ ਕੀਤੀ ਹੈ ਤਿਸ ਗੁਰਮੁਖ ਜਨ ਨੂੰ ਜਮਕਾਲ ਨਹੀਂ ਜੋਹ ਸਕਦਾ। ਇਸ ਕਰਕੇ ਕਿਸੇ ਸਮੇਂ ਵੀ ਵਾਹਿਗੁਰੂ ਪਾਸੋਂ ਸਚੀ ਨਾਮ ਦੀ ਦਾਤ ਤੋਂ ਬਿਨਾਂ ਹੋਰ ਕੁਝ ਨਹੀਂ ਮੰਗਣਾ ਚਾਹੀਦਾ, ਇਕੋ ਨਾਮ ਨਿਰੰਜਨੀ ਨਾਮ ਅਭਿਆਸ ਦਾ ਪ੍ਰੇਮ ਪਿਆਰ ਹੀ ਵਾਹਿਗੁਰੂ ਦਾਤਾਰ ਦੀ ਦਰਗਾਹ ਤੋਂ ਮੰਗਣਾ ਉਚਿਤ ਹੈ ਗੁਰੂ ਨਾਨਕ ਸਾਹਿਬ ਇਹੋ ਸਚੀ ਸਿਖਿਆ ਬਖਸ਼ਦੇ ਹਨ ਕਿ ਚਾਤਰਕ ਪਪੀਹੇ ਦੀ ਨਿਆਈਂ ਇਕੋ ਅੰਮ੍ਰਿਤ ਜਲ ਰੂਪ ਸਵਾਂਤੀ ਬੂੰਦ ਦੀ ਜਾਚਨਾਂ ਵਾਹਿਗੁਰੂ ਪਾਸੋਂ ਜਾਚਨੀ ਉਚਿਤ ਹੈ ਕਿ ਵਾਹਿਗੁਰੂ ਆਪਣੀ ਸਿਫਤ ਸਲਾਹ ਰੂਪੀ ਜਲ ਹੀ ਆਪਣੀ ਅਪਾਰਕ੍ਰਿਪਾ ਧਾਰਕੇ ਗੁਰਮੁਖ ਜਾਚਕ ਜਨਾਂ ਨੂੰ ਦੇਵੇ। (ਚਲਦਾ)



www.AKJ.Org

ਜਾਨ ਤੇ ਖੇਡਣ ਵਾਲੇ ਸਿੰਘਾਂ ਅਗੇ ਜਿਨ੍ਹਾਂ ਦਾ ਨਿਸ਼ਾਨਾ 'ਰਾਜ ਨ ਚਾਹੂੰ ਮੁਕਤ ਨ ਚਾਹੂੰ ਮਨ ਪਰੀਤ ਚਰਨ ਕਮਲਾਰੇ' ਸੀ ਜੋ 'ਸੂਰਬੀਰ ਬਚਨ ਕੇ ਬਲੀ' ਸਨ, ਦੇ ਅਗੇ ਕਿਵੇਂ ਅੜ ਸਕਦੇ ? ਖੰਡੇ ਦੇ ਅੰਮ੍ਰਿਤ ਨੇ ਜਿਊਂਦੀ ਜਾਗਦੀ ਸਪਿਰਟ ਪੈਦਾ ਕਰ ਦਿਤੀ ਸੀ। ਆਬੇ-ਹਯਾਤ ਦਾ ਸੋਮਾ ਗੁਰੂ ਆਪ ਸੀ, ਜਿਹੜਾ ਇਸ ਸੋਮੇ ਤੋਂ ਪਾਣੀ ਪੀਂਦਾ ਸੀ ਅਮਰ ਹੋ ਜਾਂਦਾ ਸੀ। ਮੁਗਲ ਹਕੂਮਤ ਚਾਹੁੰਦੀ ਸੀ ਕਿ ਗੁਰੂ ਨਾਨਕ ਦੇ ਸੋਮੇ ਨੂੰ ਸੁਕਾ ਦਿਤਾ ਜਾਵੇ। ਜਿਥੇ ਮੁਗਲ ਸ਼ਾਹੀ ਦਾ ਕੰਮ ਸਿੰਘਾਂ ਨੂੰ ਮਲੀਆਮੇਟ ਕਰਨਾ ਸੀ ਉਥੇ ਉਸ ਦੇ ਨਾਲ ਹੀ ਉਹਨਾਂ ਦਾ ਇਰਾਦਾ ਗੁਰੂ ਗੋਬਿੰਦ ਸਿੰਘ ਜੀ ਨੂੰ ਜਿਊਂਦੇ ਫੜਨ ਦਾ ਸੀ। ਉਹ ਚਾਹੁੰਦੇ ਸਨ ਕਿ ਗੁਰੂ ਦਸਮੇਸ਼ ਜੀ ਨੂੰ ਜਿਊਂਦਿਆਂ ਫੜ ਕੇ ਦਿਲੀ ਦੀ ਹਕੂਮਤ ਦੇ ਰੂਬਰੂ ਪੇਸ਼ ਕੀਤਾ ਜਾਵੇ। ਇਸ ਵਿਚ ਮੁਗਲ ਫੌਜਾਂ ਦੀ ਜਿੱਤ ਸੀ। ਇਕ ਪਾਸੇ ਗਿਣਤੀ ਦੇ ਮੁਠੀ ਭਰ ਚਾਲੀ ਸਿੰਘ ਹਨ, ਇਕ ਗੁਰੂ ਤੇ ਉਸ ਦੇ ਦੋ ਸਾਹਿਬਜ਼ਾਦੇ ਹਨ ਦੂਜੇ ਪਾਸੇ ਦਸ ਲਖ ਦਾ ਤੁਰਕ ਦਲ ਠਾਠਾਂ ਮਾਰ ਰਿਹਾ ਹੈ। ਆਮ ਲੋਕਾਂ ਦੀ ਰਾਇ ਅਨੁਸਾਰ ਮੁਗਲਾਂ ਨੇ ਚਮਕੌਰ ਦੀ ਜੰਗ ਜਿਤੀ ਪਰੰਤੂ ਇਹੋ ਉਨ੍ਹਾਂ ਦੀ ਵਡੀ ਹਾਰ ਸੀ। ਗੜ੍ਹੀ ਕੋਈ ਵੱਡੀ ਭਾਰੀ ਓਟ ਨਹੀਂ ਸੀ। ਇਕ ਪਸ਼ੂਆਂ ਦੇ ਬੰਨਣ ਦੀ ਹਵੇਲੀ ਸੀ। ਪਸ਼ੂਆਂ ਦੇ ਬੰਨਣ ਦੀ ਹਵੇਲੀ ਦੇ ਕੋਟ ਰਤਾ ਉਚੇਰੇ ਹੁੰਦੇ ਹਨ। ਇਸ ਨੂੰ ਨਾਕਾਬੰਦੀ ਕਰਕੇ ਸਿੰਘਾਂ ਨੇ ਮੋਰਚੇ ਜਮਾਏ। ਬਹੁਤ ਲੋਕਾਂ ਦੀ ਰਾਇ ਇਹ ਹੈ ਕਿ ਗੁਰੂ ਜੀ ਮਜ਼ਬੂਤ ਗੜ੍ਹੀ ਵਿਚ ਟਿਕੇ ਸਨ। ਇਹ ਭੁਲੇਖਾ ਹੈ। ਸਬਬ ਨਾਲ ਗੁਰੂ ਜੀ ਉਥੇ ਜਾ ਪੁਜੇ ਸਨ। ਭਾਈ ਵੀਰ ਸਿੰਘ ਜੀ 'ਚਮਕੌਰ ਯੁਧ' ਟਰੈਕਟ ਵਿਚ ਲਿਖਦੇ ਹਨ ਕਿ ਗੜ੍ਹੀ (ਹਵੇਲੀ) ਦੇ ਦੋ ਮਾਲਕ ਸਨ, ਦੋਵੇਂ ਰਾਜਪੂਤ ਸਨ। ਇਕ ਆਖੇ ਮੈਂ ਤੁਹਾਨੂੰ ਵੜਨ ਨਹੀਂ ਦੇਣਾ, ਦੂਜਾ ਕਹੇ ਮੇਰੇ ਵਲੋਂ ਖੁਲ੍ਹ ਹੈ। ਜਿਸ ਨੇ ਰੋਕ ਪਾਈ ਸਿੰਘਾਂ ਨੇ ਉਸ ਨੂੰ ਬੇੜੀਆਂ ਪਾ ਲਈਆਂ ਤੇ ਪਰੇ ਲੈ ਗਏ ਤੇ ਗੜ੍ਹੀ ਦੀ ਮੋਰਚਾਬੰਦੀ ਕਰ ਲਈ।

ਲੜਾਈ ਜਿਤਣਾ ਅਸਲ ਵਿਚ ਮਨ ਦਾ ਕਰਤਵ ਹੈ। ਸਰੀਰ ਮਨ ਦੇ ਮਗਰ ਟੁਰਦਾ ਹੈ। ਜੇ ਮਨ ਬਲਵਾਨ ਹੈ ਤਦ ਸਰੀਰ ਲਿਫਦਾ ਨਹੀਂ ਜੇ ਮਨ ਕਮਜ਼ੋਰ ਹੈ ਤਦ ਵਡਾ ਲੰਮਾ, ਡਾਢਾ ਹੱਟਾ ਕੱਟਾ ਪਹਾੜ ਵਰਗੀ ਦੇਹੀ ਵਾਲਾ ਵੀ ਕਾਗਜ਼ਾਂ ਦੇ ਢੇਰ ਥਲੇ ਆ ਪਵੇਗਾ। ਹਾਰ ਜਿਤ ਦਿਲ ਦੀ ਹੈ। ਜੇਕਰ ਦਿਲ ਹਾਰ ਗਿਆ ਤਦ ਹਾਰ ਹੋ ਗਈ। ਜੇਕਰ ਦਿਲ ਨਹੀਂ ਹਾਰਿਆ ਤਦ ਵਡੀ ਤੋਂ ਵਡੀ ਸ਼ਕਤੀ ਤੇ ਆਦਮ ਗਿਣਤੀ ਵੀ ਇਸ ਧਰਤੀ ਦੇ ਸਰਦਾਰ ਨੂੰ ਭੈਭੀਤ ਨਹੀਂ ਕਰ ਸਕਦੀ। ਇਹ ਡਰੂ ਤੇ ਕੰਗਾਲ ਉਦੋਂ ਹੈ ਜਦੋਂ ਵੈਰੀ ਢਾਹ ਬੈਠ ਜਾਂਦਾ ਹੈ। ਜਿਸ ਗੁਰੂ ਪਾਤਸ਼ਾਹ ਦਾ ਲਕਸ਼ ਹੀ ਇਹੋ ਸੀ 'ਜਾਂਤੇ ਛੁਟੀਏ ਨ ਮੂੜ ਤਾਕਉ ਭਜ ਸਰਨਾਗਤ ਕਿਉ ਨ ਜਾਈਏ' ਜਿਸ ਗੁਰੂ ਦੀ ਤਾਲੀਮ ਹੀ 'ਸਿਰ ਧਰ ਤਲੀ ਗਲੀ ਮੇਰੀ ਆਉ' ਸੀ ਤੇ ਉਸ ਸਕੂਲ ਵਿਚ ਪੜ ਰਹੇ ਵਿਦਿਆਰਥੀਆਂ ਨੇ ਇਹੋ ਸਬਕ ਪਕਾਏ ਹੋਏ ਸਨ ਤੇ ਅਮਲਾਂ ਵਿਚ ਲਿਆ ਰਖੇ ਸਨ, ਆਜ਼ਾਦੀ ਦਾ ਜੀਵਨ ਜਿਊਣ ਦੀ ਜਾਚ ਸਿਖ ਲਈ ਸੀ, 'ਉਹ ਮੁਰਦਾ ਹੋਇ ਮੁਰੀਦ, ਚੰਦ ਮੁਮਾਰਖ ਈਦ' ਸਿਦਕ ਦੇ ਪੁਤਲੇ, ਜੁਧ ਕਲਾ ਦੇ ਕਰਤਬ ਵਿਖਾਏ ਬਗੈਰ ਪਿਛਾਂਹ ਕਿਵੇਂ ਪਰਤ ਸਕਦੇ ਸਨ। ਇਥੇ ਤਾਂ ਮਰ ਜਾਣ ਨੂੰ 'ਚੜ੍ਹਾਈਆਂ ਕਰ ਜਾਣਾ' 'ਕਮਰ ਕਸਾ ਕਰ ਜਾਣ' ਨਾਲ ਤੁਲਨਾ ਦਿਤੀ ਜਾਂਦੀ ਸੀ। ਸਿੰਘ ਅਕਾਲ ਚਲਾਣਾ ਕਰਨ ਮਗਰੋਂ ਫੌਜ ਲੈ ਕੇ ਅਗਲੀ ਦੁਨੀਆਂ ਤੇ ਚੜ੍ਹਾਈ ਕਰਦਾ ਹੈ। ਕਿਹੋ ਜਿਹੇ ਨਿਰਾਲੇ ਬੋਲੇ ਸਨ ਜੋ ਕੌਮ ਨੂੰ ਦਿਤੇ ਗਏ ਗਏ। ਮੁਰਦਾ ਰੂਹਾਂ ਵਿਚ ਲਹੂ ਪ੍ਰਵੇਸ਼ ਕਰ ਜਾਂਦਾ ਸੀ। ਕਿਸੇ ਪੰਜਾਬੀ ਕਵੀ ਨੇ ਇਸ ਜਿਊਂਦੀ ਜਾਗਦੀ ਡਲਕਦੀ ਸਪਿਰਟ ਦਾ ਉਲੇਖ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ ਵਿਚ ਪੜ੍ਹੇ ਹੋਏ 'ਸੂਰਬੀਰ ਬਚਨ ਕੇ ਬਲੀ' ਆਖਣ ਦੇ ਸਮਰੱਥ ਹੋ ਗਏ ਸਨ।

## ਖਾਲਸਾ ਜੀ ਦਾ ਵਹੀਰ ਅਡੋ ਅੱਡ

ਅਨੰਦਪੁਰੋਂ ਸਾਰਾ ਵਹੀਰ ਸਮੇਤ ਗੁਰੂ ਜੀ ਦੇ



www.AKJ.Org

ਰੋਪੜ ਵਲ ਨੂੰ ਵਧਿਆ ਆ ਰਿਹਾ ਸੀ। ਗੁਰੂ ਜੀ ਵੈਰੀ ਦੀਆਂ ਚਾਲਾਂ ਤੋਂ ਭਲੀ ਭਾਂਤ ਜਾਣੂ ਸਨ। ਸੰਮਤ 1761 (ਸਤਾਰਾਂ ਸੌ ਇਕਾਹਠ) ਛੇ ਪੋਹ ਦੀ ਰਾਤ ਸੀ ਜਦੋਂ ਸਤਿਗੁਰਾਂ ਨੇ ਸਮੇਤ ਪਰਵਾਰ ਤੇ ਸਿੰਘਾਂ ਦੇ ਅਨੰਦਪੁਰ ਛਡਿਆ। ਖਾਲਸਾ ਜੀ ਦਾ ਵਹੀਰ ਅਜੇ ਕੀਰਤਪੁਰ ਹੀ ਲੰਘਿਆ ਸੀ ਕਿ ਵੈਰੀ ਦਲ ਨੇ ਕਸਮਾਂ ਭੁਲਾ ਕੇ ਹੱਲਾ ਬੋਲ ਦਿਤਾ। ਕਹਲੂਰੀਆ ਅਜਮੇਰ ਚੰਦ ਤੇ ਸੂਬਾ ਸਰਹੰਦ ਦੀਆਂ ਫੌਜਾਂ ਦੇ ਦਸਤੇ ਸਿੰਘਾਂ ਮਗਰ ਹੋ ਲਏ। ਸਿੰਘਾਂ ਦਾ ਸਾਰਾ ਵਹੀਰ ਖੁਲ੍ਹੇ ਮੈਦਾਨ ਵਿਚ ਸੀ। ਕਿਸੇ ਕਿਲੇ ਦੀ ਓਟ ਨਹੀਂ। ਉਪੱਰੋਂ ਸਿਆਲ ਦੀ ਬਰਖਾ ਤੇ ਪੋਹ ਦਾ ਮਹੀਨਾ। ਬੜੀ ਵੱਡੀ ਪ੍ਰੀਖਿਆ ਦਾ ਵੇਲਾ ਸੀ ਗੁਰੂ ਜੀ ਤੇ ਉਸ ਦੇ ਸੂਰਮਿਆਂ ਦਾ। ਦੂਜੇ ਪਾਸੇ ਬਾਕੀ ਫੌਜਾਂ ਅਨੰਦਪੁਰ ਨੂੰ ਲੁਟਣ ਪਈਆਂ। ਅਨੰਦਪੁਰ ਵਿਚ ਤਾਂ ਕਿਲੇ ਦੀ ਓਟ ਸੀ। ਪਹਾੜ ਦੀ ਬਾਹੀ ਭਾਰੀ ਰੋਕ ਸੀ। ਪਰੰਤੂ ਖੁਲ੍ਹੇ ਮੈਦਾਨ ਵਿਚ ਕਿਡਾ ਭਾਰਾ ਖਤਰਾ ਸਾਹਮਣੇ ਖੜਾ ਸੀ ਵੈਰੀ ਦਲਾਂ ਨੇ ਸਿੰਘਾਂ ਨੂੰ ਹਥਿਆਰ ਸੁਟਣ ਤੇ ਮਜਬੂਰ ਕੀਤਾ। ਪਰੰਤੂ ਸਿੰਘ ਉਨ੍ਹਾਂ ਨੂੰ ਤੇਗਾਂ, ਬਰਛਿਆਂ ਬੰਦੂਕਾਂ ਨਾਲ ਥਾਂ ਰਖਦੇ ਰਹੇ। ਕੀਰਤਪੁਰ ਤੇ ਅਨੰਦਪੁਰ ਦੀ ਵਿਥ ਛੇ ਕੁ ਮੀਲ ਹੈ। ਕੀਰਤਪੁਰ ਤੇ ਸਰਸਾ ਵੀ ਇਨਾਂ ਕੁ ਸੀ। ਪਹਾੜੀ ਨਦੀਆਂ ਦੇ ਹੜ੍ਹ ਬੜੇ ਤਿੱਖੇ ਆਉਂਦੇ ਹਨ ਤੇ ਲੱਥ ਵੀ ਛੇਤੀ ਹੀ ਜਾਂਦੇ ਹਨ। ਜਦੋਂ ਸਿੰਘਾਂ ਦਾ ਵਹੀਰ ਸਰਸਾ ਨਦੀ ਦੇ ਕੰਢੇ ਉਤੇ ਪੁਜਾ ਸਰਸਾ ਠਾਠਾਂ ਮਾਰ ਰਿਹਾ ਸੀ। ਪਿਛਲੇ ਪਾਸੇ ਤੁਰਕਾਂ ਦਾ ਲਹੂ ਪੀਣਾ ਟਿੱਡੀ ਦਲ ਅਗੇ ਸਰਸਾ ਚੜ੍ਹਿਆ ਹੋਇਆ ਠਾਠਾਂ ਮਾਰੇ, ਉਪਰੋਂ ਸਿਆਲ ਦੀ ਵਰਖਾ। ਪਾਣੀ ਦਾ ਵੇਗ ਅਤੀ ਤਿੱਖਾ। ਤੇਜ਼ ਪਾਣੀ ਵਿਚ ਘੋੜੇ ਵੀ ਰਹਿ ਗਏ। ਗੁਰੂ ਜੀ ਬਹੁਤ ਸਾਰੇ ਸਿੰਘਾਂ ਨੂੰ ਨਾਲ ਲੈ ਕੇ ਸਰਸੇ ਵਿਚ ਠਿਲ੍ਹ ਪਏ ਕਿਉਂ ਜੋ ਸਰਸੇ ਉਤੇ ਰੁਕਣਾ ਔਖਾ ਸੀ। ਵੈਰੀ ਪਿੱਛਾ ਕਰਦਾ ਆ ਰਿਹਾ ਸੀ। ਬਾਕੀ ਦੇ ਸਿੰਘਾਂ ਨੂੰ ਦਸਮੇਸ਼ ਜੀ ਨੇ ਤਾਕੀਦ ਕਰ ਦਿਤੀ ਕਿ ਕੋਈ ਵੀ ਸਿੰਘ ਹਥਿਆਰ ਨਾ ਸੁਟੇ। ਵੈਰੀ ਨੂੰ ਮਾਰ ਕੇ ਮਰੇ। ਹਥਿਆਰ ਸੁਟਣ ਨਾਲੋਂ ਮੌਤ ਚੰਗੀ ਹੈ। ਸਾਰੇ ਚੜ੍ਹਦੀ ਕਲਾ ਵਿਚ ਰਹਿਣ। ਵੈਰੀ ਨੂੰ ਠਲ ਪਾਉਣ ਲਈ ਸਿੰਘਾਂ ਦੇ ਜਥੇ ਲੋੜ ਮੁਤਾਬਕ ਸਰਸੇ ਦੇ ਕੰਢੇ ਉਤੇ ਖੜੇ ਕੀਤੇ ਗਏ ਤਾਂ ਜੁ ਵਹੀਰ ਨੂੰ ਲੰਘਾਇਆ ਜਾ ਸਕੇ। ਸਿੰਘ ਭੁਖੇ ਵੀ ਮਾਰੋ ਮਾਰ ਕਰਦੇ ਜਾਣ। ਅਨੰਦਪੁਰੋਂ ਟੁਰਨ ਵੇਲੇ ਖਾਲਸਾ ਜੀ ਦੇ ਸਾਰੇ ਵਹੀਰ ਦੀ ਗਿਣਤੀ ਡੇਢ ਕੁ ਹਜ਼ਾਰ ਹੋਵੇਗੀ ਜਿਨ੍ਹਾਂ ਵਿਚੋਂ ਅਠ ਕੁ ਘੋੜ ਸੁਆਰ ਸਨ। ਬਾਕੀ ਸਾਰਾ ਵਹੀਰ ਪੈਦਲ ਸੀ। ਸਰਸੇ ਉਤੇ ਆ ਕੇ ਗਹਿਗਚ ਦੀ ਜੰਗ ਮੱਚ ਗਈ। ਵਹੀਰ ਖਿੰਡ ਗਿਆ, ਚੜ੍ਹੇ ਹੋਏ ਹੜ ਵਿਚ ਘੋੜਿਆਂ ਦੀ ਪੇਸ਼ ਨਹੀਂ ਸੀ ਜਾਂਦੀ। ਬਹੁਤ ਭਾਰੀ ਗਿਣਤੀ ਸਿੰਘਾਂ ਦੀ ਰੁੜ ਗਈ। ਜਿਸ ਵਹੀਰ ਵਿਚ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਸਵਾਰੀ ਨਹੀਂ ਸਨ ਕਰ ਸਕਦੇ। ਗੰਗਾ ਰਾਮ ਜੋ ਜਾਤ ਦਾ ਬਰਾਹਮਣ ਸੀ ਤੇ ਰਸੋਈਏ ਦਾ ਪੇਸ਼ਾ ਕਰਕੇ ਰੋਟੀ ਕਮਾਉਂਦਾ ਸੀ ਛੋਟੇ ਸਾਹਿਬਜ਼ਾਦਿਆਂ ਨੂੰ ਸਮੇਤ ਮਾਤਾ ਗੁਜਰੀ ਦੇ ਆਪਣੇ ਪਿੰਡ ਖੇੜੀ ਜੋ ਮੋਰਿੰਡੇ ਦੇ ਨੇੜੇ ਸੀ ਲੈ ਗਿਆ। ਮਾਤਾ ਜੀਤੋ ਜੀ ਭਾਈ ਮਨੀ ਸਿੰਘ ਦੇ ਸਪੁਰਦ ਸਨ, ਉਨ੍ਹਾਂ ਨਾਲ ਦੋ ਟਹਿਲਣਾਂ (ਬਾਂਦੀਆਂ) ਸਨ। ਇਨ੍ਹਾਂ ਨਾਲ ਸਿੰਘਾਂ ਦਾ ਇਕ ਜਥਾ ਸੀ। ਜਿਧਰ ਕਿਸੇ ਦਾ ਮੂੰਹ ਲਗਾ ਚਾਲੇ ਪਾ ਗਿਆ। ਇਕ ਦੂਜੇ ਨੂੰ ਭਾਲਣ ਦਾ ਸਮਾਂ ਨਹੀਂ ਸੀ। ਭਾਈ ਜੁਆਹਰ ਸਿੰਘ ਤੇ ਧੰਨਾ ਸਿੰਘ ਗੁਰ-ਮਹਿਲਾਂ ਨੂੰ ਤੁਰਕਾਣੀ ਭੇਸ ਵਿਚ ਦਿਲੀ ਲੈ ਗਏ। ਵੈਰੀ ਦਲ ਸਰਸੇ ਤੇ ਆ ਕੇ ਰੁਕ ਗਿਆ। ਵੈਰੀ ਦਲ ਨੇ ਸਰਸਾ ਲੰਘਣ ਦਾ ਖਤਰਾ ਨਾ ਸਹੇੜਿਆ। ਦਸਮੇਸ਼ ਜੀ ਨਾਲ ਕੋਈ ਦੋ ਕੁ ਸੌ ਘੋੜ ਸੁਆਰ ਤੇ ਦੋਵੇਂ ਵਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਸਰਸੇ ਨੂੰ ਪਾਰ ਕਰ ਸਕੇ। ਵੈਰੀ ਦਾ ਤੋਪਖਾਨਾ ਸਰਸੇ ਤੋਂ ਉਰਲੇ ਪਾਸੇ ਨਾ ਆ ਸਕਿਆ। ਸਰਸੇ ਤੋਂ ਰੋਪੜ ਕੋਈ ਦਸ ਕੁ ਮੀਲ ਹੈ। ਜਿਸ ਵੇਲੇ ਗੁਰੂ ਸਮੇਤ ਵਹੀਰ ਦੇ ਰੋਪੜ ਪੁਜੇ ਤਾਂ ਅਗੋਂ ਭੂਸਰੇ ਹੋਏ ਜਹੰਨਮੀ ਪਠਾਣਾਂ ਨੇ ਰਾਹ ਰੋਕ ਲਿਆ। ਸਿੰਘ ਵੀ ਮਲੋਮਲ੍ਹੀ ਗਲ ਪਏ ਨੂੰ ਲਾਹੁਣਾ ਜਾਣਦੇ ਸਨ। ਤਲਵਾਰਾਂ



www.AKJ.Org

ਸੂਤ ਕੇ ਪਠਾਣਾਂ ਉਤੇ ਪੈ ਗਏ। ਦੋਵੇਂ ਪਾਸੀਂ ਕਾਫੀ ਬੰਦੇ ਮੋਏ, ਕਾਫੀ ਫਟੜ ਹੋਏ। ਰੋਪੜੋਂ ਚਮਕੌਰ ਲਹਿੰਦੇ ਪਾਸੇ ਤੇਰਾਂ ਕੁ ਮੀਲ ਤੇ ਹੈ। ਰੋਪੜ ਲੰਘਣ ਮਗਰੋਂ ਸਤਗੁਰਾਂ ਨਾਲ, ਚਾਲੀ ਸਿੰਘ ਤੇ ਦੋ ਵਡੇ ਸਾਹਿਬਜ਼ਾਦੇ ਰਹਿ ਗਏ ਸਨ। ਰੋਪੜੋਂ ਗੁਰੂ ਜੀ ਬਾਹਮਣ ਮਾਜਰੇ ਪਿੰਡ ਆਏ। ਉਥੋਂ ਬੂਰ ਮਾਜਰੇ। ਬੂਰ ਮਾਜਰੇ ਤੋਂ ਲੌਢੇ ਵੇਲੇ ਸਮੇਤ ਵਹੀਰ ਚੰਗੇ ਟਿਕਾਣੇ ਦੀ ਭਾਲ ਵਿਚ ਚਮਕੌਰ ਪੁਜੇ। ਇਸ ਦਿਨ ਇੱਕੀ ਦਸੰਬਰ ਦਾ ਦਿਨ ਸਤਾਰਾਂ ਸੌ ਚਾਰ ਈਸਵੀ ਸੀ। ਸਿੰਘਾਂ ਨੂੰ ਚਮਕੌਰ ਤੋਂ ਅਗਾਂਹ ਜਾਣਾ ਖਤਰੇ ਭਰਿਆ ਦਿਸਿਆ। ਪਿਛੇ ਵੈਰੀ ਵਾਹੋ ਦਾਹੀ ਆ ਰਿਹਾ ਸੀ। ਸੋ ਸਰਬ ਖਾਲਸੇ ਨੇ ਚਮਕੌਰ ਠਹਿਰ ਕੇ ਵੈਰੀ ਨਾਲ ਜਮ ਕੇ ਲੜਨਾ ਹੀ ਠੀਕ ਸਮਝਿਆ। ਪਿਛਲੇ ਸਫਰ ਨਾਲ ਵੀ ਸਿੰਘ ਥਕੇ ਟੁਟੇ ਸਨ। ਉਹਨਾਂ ਨੇ ਮਤਾ ਪਕਾਇਆ ਕਿ ਚਮਕੌਰ ਅਟਕ ਕੇ ਥਕੇਵਾਂ ਲਾਹਿਆ ਜਾਵੇ ਮਗਰੋਂ ਫਿਰ ਵੈਰੀ ਦਲ ਨਾਲ ਦੋ ਹੱਥ ਕੀਤੇ ਜਾਣ। ਗੁਰੂ ਜੀ ਦੀ ਸਿੰਘਾਂ ਨੂੰ ਖਾਸ ਤਾਕੀਦ ਸੀ ਜਿਊਂਦਿਆਂ ਵੈਰੀ ਦੇ ਕਾਬੂ ਨਹੀਂ ਆਉਣਾ ਤੇ ਨਾ ਹੀ ਹਥਿਆਰ ਸੁਟਣੇ ਹਨ। ਸਤਿਗੁਰੂ ਜੀ ਸਮੇਤ ਸਿੰਘਾਂ ਦੇ ਬੁਧੀ ਚੰਦ ਚੌਧਰੀ ਦੀ ਹਵੇਲੀ ਵਿਚ ਜਾ ਟਿਕੇ। ਹਵੇਲੀ ਵਿਚ ਘੋੜੇ ਖੜੇ ਸਕਦੇ ਸਨ। ਹਵੇਲੀ ਤੋਂ ਬਾਹਰਲੇ ਪਾਸੇ ਦਾ ਦਰਿਸ਼ ਵੀ ਗੁਰੂ ਜੀ ਚੰਗੀ ਤਰ੍ਹਾਂ ਵੇਖ ਸਕਦੇ ਸਨ। ਹਵੇਲੀ ਉਚੇ ਥਾਂ ਸੀ। ਗੁਰੂ ਜੀ ਦਾ ਦਰਬਾਰੀ ਕਵੀ ਸੈਨਾਪਤ ਲਿਖਦਾ ਹੈ ਚੌਧਰੀ ਬੁੱਧੀ ਚੰਦ ਨੇ ਸਤਿਗੁਰਾਂ ਲਈ ਹਵੇਲੀ ਖਾਲੀ ਕਰ ਦਿਤੀ ਤੇ ਸਤਿਗੁਰਾਂ ਅਗੇ ਸੀਸ ਝੁਕਾਇਆ :—

ਖਬਰ ਸੁਨੀ ਜਿਮੀਂਦਾਰ ਨੇ ਮਧ ਬਸੈ ਚਮਕੌਰ।
ਸੁਨਤ ਬਚਨ ਤਤਕਾਲ ਹੀ ਵਹ ਆਯੋ ਉਠ ਦੌਰ।
ਹਾਥ ਜੋਰ ਐਸੇ ਕਹਯੋ ਬਿਨਤੀ ਸੁਨੋ ਕਰਤਾਰ।
ਬਸੋ ਮਧ ਚਮਕੌਰ ਕੇ ਆਪਣੀ ਕਿਰਪਾ ਧਾਰ।

ਦਿਲੀ ਤੋਂ ਚਲੀ ਹੋਈ ਤਾਜ਼ਾ ਸ਼ਾਹੀ ਫੌਜ ਨੂੰ ਰਸਤੇ ਵਿਚ ਰੋਪੜ ਤੋਂ ਉਰੇ ਪਤਾ ਲਗ ਗਿਆ ਕਿ ਗੁਰੂ ਜੀ ਚਮਕੌਰ ਚਲੇ ਗਏ ਹਨ। ਉਨ੍ਹਾਂ ਆਪਣਾ ਰੁਖ ਚਮਕੌਰ ਵਲ ਕਰ ਲਿਆ।

22 ਦਸੰਬਰ ਦਾ ਦਿਨ ਨਿਕਲਿਦਿਆਂ ਹੀ ਸੂਬਾ ਸਰਹੰਦ ਨੇ ਢੰਡੋਰਾ ਪਿਟਵਾਇਆ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੇ ਆਪ ਨੂੰ ਮੁਗਲ ਸ਼ਾਹੀ ਦੇ ਹਵਾਲੇ ਕਰ ਦੇਣ ਤੇ ਹਥਿਆਰ ਸੁਟ ਦੇਣ ਨਹੀਂ ਤਾਂ ਹੱਲਾ ਕਰ ਦਿਤਾ ਜਾਵੇਗਾ। ਢੰਡੋਰੇ ਦੇ ਜੁਆਬ ਅੰਦਰੋਂ ਤੀਰ ਵਸਣ ਲਗੇ। ਚਮਕੌਰ ਦੇ ਰੰਘੜ ਤੇ ਗੁਜਰ ਮੁਗਲ ਸ਼ਾਹੀ ਤੋਂ ਡਰਦੇ ਗੁਰੂ ਜੀ ਦਾ ਸਾਥ ਨਾ ਦੇ ਸਕੇ। ਤੁਰਕ ਦਲ ਨੇ ਚਮਕੌਰ ਵਾਸੀਆਂ ਤੋਂ ਪੁਛਿਆ ਗੜ੍ਹੀ ਅੰਦਰ ਕਿਨੇ ਕੁ ਸਿੰਘ ਹਨ। ਉਨ੍ਹਾਂ ਆਖਿਆ ਕਲ ਸ਼ਾਮ ਵੇਲੇ ਤਾਂ ਥੋੜੇ ਜਿਹੇ ਸਨ ਰਾਤੀਂ ਹੋਰ ਆ ਗਏ ਹੋਣਗੇ। ਇਧਰੋਂ ਤੁਰਕਾਂ ਦੇ ਟਿੱਡੀ ਦਲ ਨੇ ਹੱਲਾ ਬੋਲ ਦਿਤਾ। ਮੁਗਲ ਜਰਨੈਲ ਨਾਹਰ ਖਾਂ ਨੇ ਗੜ੍ਹੀ ਉਤੇ ਪੌੜੀ ਲਾ ਕੇ ਸਤਿਗੁਰਾਂ ਨੂੰ ਫੜਨ ਲਈ ਇਰਾਦਾ ਧਾਰਿਆ। ਜਦੋਂ ਉਸ ਨੇ ਕੰਧ ਤੋਂ ਜਰਾ ਕੁ ਉਪਰ ਸਿਰ ਕੀਤਾ ਗੁਰੂ ਜੀ ਦਾ ਸ਼ੂਕਦਾ ਤੀਰ ਉਸ ਦੇ ਪਰਾਣ ਸੂਤ ਕੇ ਲੈ ਗਿਆ। ਨਾਹਰ ਖਾਂ ਦੇ ਡਿਗਣ ਦੀ ਦੇਰ ਸੀ ਕਿ ਗਨੀ ਖਾਂ ਅਗੇ ਨੂੰ ਲਪਕਿਆ ਦਸ਼ਮੇਸ਼ ਜੀ ਦੀ ਗੁਰਜ ਨੇ ਉਸ ਦਾ ਸਿਰ ਦੁਫਾੜ ਕਰ ਦਿਤਾ। ਆਪਣੇ ਸਾਥੀਆਂ ਨੂੰ ਮਰਦਾ ਵੇਖ ਕੇ ਖੁਆਜਾ ਮਰਦੂਦ ਅਲੀ ਖਾਂ ਦਿਵਾਰ ਦੇ ਉਹਲੇ ਹੋ ਕੇ ਜਾਨ ਬਚਾ ਕੇ ਭਜ ਗਿਆ। ਦਸ਼ਮੇਸ਼ ਜੀ ਲਿਖਦੇ ਹਨ ਜੇਕਰ ਖੁਆਜਾ ਮਰਦੂਦ ਮੈਦਾਨ ਵਿਚ ਆ ਜਾਂਦਾ ਮੈਂ ਉਸ ਦਾ ਮੂੰਹ ਵੇਖ ਲੈਂਦਾ ਤੇ ਉਸ ਨੂੰ ਵੀ ਇਕ ਤੀਰ ਬਖਸ਼ ਛਡਦਾ :—

'ਕਿ ਖਵਾਜਹ ਮਰਦੂਦ ਸਾਯਹ ਦੀਵਾਰ।
ਬ ਮੈਦਾਂ ਨਿਆਮਦ ਬ ਮਰਦਾਨਹ ਵਾਰ।'
ਦਰੇਗਾ ਅਗਰ ਰੂ ਇ ਓ ਦੀਦਮੇ।
ਬਯਕ ਤੀਰ ਲਾਚਾਰ ਬਖ਼ਸ਼ੀਦਮੇ।

ਆਪਣੇ ਸੂਰਬੀਰ ਹਠੀ ਜਰਨੈਲਾਂ ਨੂੰ ਮੈਦਾਨ ਵਿਚ ਬੁਰੀ ਤਰ੍ਹਾਂ ਮੋਏ ਵੇਖ ਕੇ ਵਜ਼ੀਰ ਖਾਂ ਸੂਬਾ ਸਰਹੰਦ ਨੇ ਹਵੇਲੀ ਦੀ ਬਾਹੀ ਨੂੰ ਤੋੜਨ ਲਈ ਹਨੇਰੀ ਵਾਂਗ ਧਾਵਾ ਬੋਲ ਦਿਤਾ।


www.AKJ.Org

# ਬਾਬਾ ਅਜੀਤ ਸਿੰਘ ਜੀ ਮੈਦਾਨ ਵਿਚ ਕੁੱਦੇ

ਪੰਜ ਪੰਜ ਸਿੰਘਾਂ ਦੇ ਜਥੇ ਹਵੇਲੀ ਦੀਆਂ ਦੀਵਾਰਾਂ ਉਤੇ ਖੜੇ ਕੀਤੇ ਗਏ। ਬਹੁਤ ਚਿਰ ਤਕ ਏਡਾ ਭਾਰੀ ਹਮਲਾ ਰੋਕਣਾ ਔਖਾ ਸੀ। ਸਿੰਘਾਂ ਨੇ ਪੰਥ ਦੇ ਵਾਲੀ ਨੂੰ ਅਰਜ਼ ਕੀਤੀ ਕਿ ਉਹ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਗੜ੍ਹੀ ਤੋਂ ਬਾਹਰ ਚਲੇ ਜਾਣ, ਪਿਛੋਂ ਅਸੀਂ ਜੂਝਦੇ ਰਹਾਂਗੇ। ਗੁਰੂ ਜੀ ਨੇ ਆਖਿਆ ਲੜਾਈ ਦੇ ਭਖੇ ਮੈਦਾਨ ਵਲ ਵੇਖੋ। ਔਹ ਵੇਖੋ ਗਿਰਝਾਂ, ਚੀਲਾਂ ਕਿਵੇਂ ਉਡ ਉਡ ਕੇ ਮਾਸ ਭਖ ਰਹੀਆਂ ਹਨ। ਸਿੰਘਾਂ ਨੇ ਫਿਰ ਆਖਿਆ ਸਤਿਗੁਰੂ ਜੀ ਤੁਹਾਡੇ ਲਈ ਇਹੋ ਚੰਗਾ ਹੈ ਕਿ ਤੁਸੀਂ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਗੜ੍ਹੀ ਖਾਲੀ ਕਰ ਜਾਓ। ਦਸਮੇਸ਼ ਜੀ ਆਖਣ ਲਗੇ ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ? ਤੁਸੀਂ ਵੀ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ। ਸਿੰਘ ਚੁਪ ਹੋ ਗਏ ਸਨ। ਮੈਦਾਨ ਵਿਚ ਖੂਨ ਦੀ ਹੋਲੀ ਖੇਡੀ ਜਾ ਰਹੀ ਸੀ। ਚੁੜੇਲਾਂ ਚੀਕਣ ਲਗੀਆਂ। ਭੂਤ ਹਸਣ ਲਗੇ। ਕਾਲੀ ਲਹੂ ਦੇ ਖੱਪਰ ਭਰ ਭਰ ਕੇ ਪੀ ਰਹੀ ਸੀ। ਇੱਲਾਂ ਤੇ ਕਾਗ ਗੋਸ਼ਤ ਭਖ ਰਹੇ ਸਨ। ਘੋੜੇ ਘਰਕਦੇ ਸਨ, ਹਾਥੀ ਹੌਂਕਦੇ ਸਨ। ਠੀਕਰ ਠਹਿਕਣ ਲਗੇ। ਸੰਜ ਪਟੇਲਾਂ ਪਾਖਰਾਂ ਭਿੜ ਰਹੀਆਂ ਸਨ, ਲੋਹੇ ਤੇ ਲੋਹਾ ਖੜਕ ਰਿਹਾ ਸੀ। ਬਾਬਾ ਅਜੀਤ ਸਿੰਘ ਜੀ ਨੇ ਜੰਗ ਵਿਚ ਜਾਣ ਲਈ ਪਿਤਾ ਜੀ ਤੋਂ ਆਗਿਆ ਮੰਗ ਲਈ। ਸਤਿਗੁਰੂ ਜੀ ਨੇ ਆਪਣੇ ਲਾਲ ਨੂੰ ਜ਼ੁਲਮ ਦਾ ਹੜ ਰੋਕਣ ਲਈ ਟੋਰ ਦਿਤਾ।

ਬਿਨਉ ਕਰੀ ਕਰ ਜੋਰ ਕੈ ਖੁਸ਼ੀ ਕਰਉ ਕਰਤਾਰ।
ਕਰਉ ਬੀਰ ਸੰਗਰਾਮ ਮੈਂ, ਦੇਖਉ ਆਪਿ ਨਿਹਾਰਿ।

ਬਾਬਾ ਅਜੀਤ ਸਿੰਘ ਜੀ ਦੇ ਨਾਲ ਅੱਠ ਸਿੰਘ ਖੂਨ ਦੀ ਹੋਲੀ ਖੇਡਣ ਨਿਕਲੇ। ਪੰਜਾਂ ਪਿਆਰਿਆਂ ਵਿਚੋਂ ਭਾਈ ਮੁਹਕਮ ਸਿੰਘ ਜੀ ਸਨ ਬਾਕੀ ਦੇ ਸਤ ਸਨ, ਭਾਈ ਲਾਲ ਸਿੰਘ, ਭਾਈ ਨੰਦ ਸਿੰਘ, ਭਾਈ ਕੇਸਰ ਸਿੰਘ, ਭਾਈ ਦੇਵਾ ਸਿੰਘ, ਭਾਈ ਕੀਰਤੀ ਸਿੰਘ, ਭਾਈ ਮੋਹਰ ਸਿੰਘ, ਭਾਈ ਈਸ਼ਰ ਸਿੰਘ ਜੀ। ਇਹਨਾਂ ਦੀ ਸ਼ਹਾਦਤ ਮਗਰੋਂ ਭਾਈ ਕੋਠਾ ਸਿੰਘ ਜੀ ਨੇ ਬੀਰਤਾ ਦੇ ਜੋਹਰ ਵਿਖਾਏ।

ਸੰਸਾਰ ਦੇ ਸਮੁਚੇ ਇਤਿਹਾਸ ਵਿਚ ਕੋਈ ਵੀ ਅਜੇਹਾ ਪਿਤਾ ਨਹੀਂ ਮਿਲੇਗਾ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਵਾਂਗ ਆਪਣੇ ਪੁਤਰਾਂ ਨੂੰ ਜੰਗ ਵਿਚ ਝੋਕਿਆ ਹੋਵੇ। ਵੈਰੀ ਦਲ ਨੇ ਸਾਹਿਬਜ਼ਾਦੇ ਨੂੰ ਬਾਹਰ ਨਿਕਲਦਿਆਂ ਵੇਖ ਕੇ ਘੇਰਾ ਪਾਉਣ ਦੀ ਕੀਤੀ। ਬਾਬਾ ਅਜੀਤ ਸਿੰਘ ਜੀ ਦੇ ਤੀਰ ਕਈਆਂ ਦੇ ਪਰਾਣ ਲੈ ਗਏ। ਸਾਹਿਬਜ਼ਾਦੇ ਨੇ ਲੰਮੀ ਅਵਾਜ਼ ਵਿਚ ਗਰਜ ਕੇ ਵੈਰੀ ਦਲ ਨੂੰ ਲਲਕਾਰਾ ਮਾਰ ਕੇ ਆਖਿਆ ਮੇਰੇ ਸਾਹਮਣੇ ਉਹ ਆਏ ਜਿਸ ਦੇ ਦਿਲ ਵਿਚ ਲੜਨ ਦੇ ਅਰਮਾਨ ਹਨ, ਉਹ ਅਪਣਾ ਚਾਅ ਲਾਹ ਲਵੇ। ਸਾਹਿਬਜ਼ਾਦੇ ਦੀ ਲਲਕਾਰ ਨੂੰ ਸੈਨਾਪਤ ਨੇ ਇਉਂ ਚਿਤਰਿਆ ਹੈ :-

ਕਰੀ ਅਵਾਜ਼ ਅਬ ਆਓ ਅਰਮਾਨ ਜਿਹ ਸਕਲ
ਦਲ ਦੇਖ ਦਉਰੇ ਅਪਾਰੋ। ਘੇਰ ਚਹੁ ਦਿਸ ਲਯੋ
ਆਨ ਤੁਰਕਨ ਨੇ ਕਰਯੋ ਸੰਗਰਾਮ ਰਣਜੀਤ
ਸਿੰਘ ਭਾਰੋ।

(ਸੈਨਾਪਤ ਨੇ ਅਜੀਤ ਸਿੰਘ ਦਾ ਨਾ ਰਣਜੀਤ ਸਿੰਘ ਕਰਕੇ ਲਿਖਿਆ ਹੈ)

ਸਿੰਘਾਂ ਦੇ ਤੀਰਾਂ ਦੇ ਭੱਥੇ ਜਦੋਂ ਖਾਲੀ ਹੋ ਗਏ ਫਿਰ ਉਨਾਂ ਤਲਵਾਰਾਂ ਧੂਹ ਲਈਆਂ। ਵੈਰੀ ਦੇ ਪੜਛੇ ਲਾਹੁਣ ਲਗ ਪਏ। ਬਾਬਾ ਅਜੀਤ ਸਿੰਘ ਜੀ ਨੇਜ਼ੇ ਨਾਲ ਵੈਰੀਆਂ ਨੂੰ ਪਰੁਚਣ ਲਗ ਪਏ। ਵੈਰੀ ਦਲ ਦੇ ਸਰਦਾਰ ਤੋਬਾ ਕਰ ਉਠੇ :—

ਲੇਤ ਪਰੋਇ ਪਠਾਣ ਕੋ ਸਭਹਨ ਸਾਂਗ ਦਿਖਲਾਏ।
ਦੇਖਤ ਹੀ ਸਭ ਕਰਤ ਹੈ ਅਰੇ ਖੁਦਾਇ ਖੁਦਾਇ।

ਇਕ ਮੁਗਲ ਸਰਦਾਰ ਜਿਸ ਨੇ ਸੰਜੋਅ ਪਾਈ ਹੋਈ ਸੀ, ਬਾਬਾ ਜੀ ਵਲ ਨੂੰ ਭਜ ਕੇ ਹਮਲਾ ਕੀਤਾ। ਸਾਹਿਬਜ਼ਾਦੇ ਨੇ ਮੁਗਲ ਸਰਦਾਰ ਦੇ ਸੀਨੇ ਵਿਚ ਜ਼ੋਰ ਦੀ ਨੇਜ਼ਾ ਮਾਰਿਆ। ਨੇਜ਼ਾ ਵਿਚੇ ਧਸ ਗਿਆ। ਵਾਪਸ ਖਿਚਣ ਵੇਲੇ ਨਾ ਨਿਕਲਿਆ। ਬਾਬਾ ਜੀ ਨੇ ਤਲਵਾਰ ਧੂਹ ਲਈ ਤੇ ਘੋੜ ਸੁਆਰ ਮੁਗਲਾਂ



www.AKJ.Org

ਉਤੇ ਵਾਢੀ ਪਾ ਦਿਤੀ। ਪਿਤਾ ਆਪਣੇ ਪੁਤਰ ਦੇ ਕਰਤਬ ਗੜ੍ਹੀ ਉਪਰੋਂ ਵੇਖ ਰਿਹਾ ਸੀ। ਪੁਤਰ ਲੋਥਾਂ ਦੇ ਢੇਰ ਇਕਠੇ ਕਰਕੇ ਉਤਾਂਹ ਚੜ੍ਹ ਜਾਂਦਾ ਤੇ ਫਿਰ ਹੱਲਾ ਬੋਲ ਦਿੰਦਾ। ਘੋੜ ਸੁਆਰਾਂ ਦੀ ਬਾਹੀ ਸਾਹਿਬਜ਼ਾਦੇ ਨੇ ਤੋੜ ਦਿਤੀ। ਸੈਨਾਪਤ ਨੇ ਸਾਹਿਬਜ਼ਾਦੇ ਦੀ ਜੁਧ ਕਲਾ ਤੇ ਫੁਰਤੀ ਦਾ ਉਲੇਖ ਇਵੇਂ ਕੀਤਾ ਹੈ:—

ਟੂਟ ਕੇ ਸਾਂਗ ਦੁਇ ਹੁਇ ਭੁਇ ਪਰੀ,
ਗਹੀ ਤਲਵਾਰ ਦਲ ਬਹੁਤ ਮਾਰੇ।
ਏਕੇ ਕੇ ਸੀਸ ਧਰ ਦੁਇ ਟੁਕਰੇ ਕਰੈ,
ਦੁਇ ਕੇ ਸੀਸ ਧਰਤ ਕਰਤ ਚਾਰੇ।
ਭਾਂਤ ਇਹ ਪੂਰ ਪਰਵਾਹ ਦੀਨੇ ਕਈ
ਕਰਤ ਦਰੀਆਉ ਮੈਂ ਪਰੇ ਸਾਰੇ।

ਕਲਗੀਧਰ ਦਾ ਸ਼ੇਰ ਅੰਮ੍ਰਿਤ ਦਾ ਮੁਲ ਦੇ ਰਿਹਾ ਸੀ। ਸ਼ੇਰ ਨੂੰ ਬੁਕਦਾ ਵੇਖ ਹਾਥੀ ਝੂਲਣੋਂ ਰਹਿ ਗਏ ਸਨ। ਸਾਹਿਬਜ਼ਾਦੇ ਨਾਲ ਆਇਆ ਅੱਠ ਸਿੰਘਾਂ ਦਾ ਜਥਾ ਸ਼ਹਾਦਤਾਂ ਦੇ ਬਾਟੇ ਪੀ ਗਿਆ ਸੀ। ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਸਾਹਿਬਜ਼ਾਦੇ ਦੀ ਚੜ੍ਹਤ ਇਉਂ ਉਲੀਕੀ ਹੈ:—

ਗੁਰੂ ਬਾਲਕ ਬਾਲਕ ਰੂਪ ਅਨੂਪਮ
ਅੰਗਨ ਪੇਖ ਅਨੰਗ ਸੁਲਾਜੈ।
ਅਤਿ ਛੈਲ ਛਬੀਲੇ ਛਟੇ ਛਪ ਛੰਗਨ
ਛੋਭ ਛਕੇ ਛਤਰੀ ਛਿਤ ਛਾਜੈ।
ਰਖ ਤਾਲਕ ਖਾਲਕ ਮਾਲਕ ਸੋ
ਅਰਿ ਗਾਲਕ ਪਾਲਕ ਹਿੰਦਨ ਲਾਜੈ।
ਜਨ ਕੰਦਰ ਅੰਦਰ ਤੇ ਨਿਕਸੈ
ਮਰਗਿੰਦ ਨਿਹਾਰ ਗਜਿੰਦ ਸਮਾਜੈ।

ਇਕ ਮੁਗਲ ਸਰਦਾਰ ਨੇ ਤੈਸ਼ ਖਾ ਕੇ ਭਜ ਕੇ ਬਾਬਾ ਜੀ ਉਤੇ ਵਾਰ ਕਰ ਦਿਤਾ। ਬਾਬਾ ਜੀ ਨੇ ਬੜੀ ਫੁਰਤੀ ਨਾਲ ਵਾਰ ਬਚਾ ਲਿਆ। ਘੋੜਾ ਆਪ ਦਾ ਜ਼ਖਮੀ ਹੋ ਗਿਆ। ਹੁਣ ਆਪ ਪੈਦਲ ਹੋ ਲਏ ਸਨ। ਵਾਢ ਪਾਈ ਜਾ ਰਹੇ ਸਨ। ਸਾਹਿਬਜ਼ਾਦੇ ਨੂੰ ਪੈਦਲ ਵੇਖ ਤੁਰਕਾਂ ਨੇ ਘੇਰਾ ਪਾ ਲਿਆ। ਤੁਰਕ ਦਲ ਦੇ ਇਕ ਵਡੇ ਭਾਰੇ ਦਸਤੇ ਨੇ ਮਿਲ ਕੇ ਬਾਬਾ ਜੀ ਉਤੇ ਇਕੱਠਿਆਂ ਹੋ ਕੇ ਹੱਲਾ ਬੋਲ ਦਿਤਾ। ਆਪ ਜੀ ਸ਼ਹਾਦਤ ਦਾ ਜਾਮ ਪੀ ਕੇ ਸਦਾ ਵਾਸਤੇ ਚਮਕੌਰ ਦੀ ਧਰਤੀ ਵਿਚ ਲੇਟ ਗਏ। ਚੜ੍ਹਦੀਆਂ ਕਲਾਂ ਦੇ ਮਾਲਕ ਦੁਸ਼ਟ ਦਮਨ ਦਸਮੇਸ਼ ਪਿਤਾ ਨੇ ਪੁਤਰ ਦੀ ਸ਼ਹਾਦਤ ਅੱਖੀਂ ਵੇਖ ਕੇ ਫ਼ਤਹ ਦਾ ਜੈਕਾਰਾ ਛਡਿਆ।

## ਸਾਹਿਬਜ਼ਾਦੇ ਜੁਝਾਰ ਸਿੰਘ ਦਾ ਜਾਨ ਉਤੇ ਖੇਡਣਾ

ਛੋਟੇ ਭਰਾ ਬਾਬਾ ਜੁਝਾਰ ਸਿੰਘ ਜੀ ਨੇ ਆਪਣੇ ਵਡੇ ਭਰਾ ਦੀ ਸ਼ਹਾਦਤ ਅੱਖੀਂ ਵੇਖੀ ਸੀ। ਹੁਣ ਜੁਝਾਰ ਸਿੰਘ ਨੂੰ ਵੀ ਜੋਸ਼ ਆ ਗਿਆ। ਆਖਰ ਉਹਨਾਂ ਵੀ ਉਸ ਖੰਡੇ ਦਾ ਅੰਮ੍ਰਿਤ ਛਕਿਆ ਸੀ ਜਿਸ ਦਾ ਬਾਬਾ ਅਜੀਤ ਸਿੰਘ ਜੀ ਨੇ। ਸੈਨਾਪਤ ਲਿਖਦਾ ਹੈ ਕਿ ਬਾਬਾ ਜੁਝਾਰ ਸਿੰਘ ਨੇ ਪਿਤਾ ਜੀ ਤੋਂ ਜੰਗ ਵਿਚ ਜਾਣ ਦੀ ਆਗਿਆ ਮੰਗੀ:—

ਜਦ ਦੇਖਯੋ ਜੁਝਾਰ ਸਿੰਘ ਸਮਾਂ ਪਹੁਚਯੋ ਆਨ।
ਦੌਰਯੋ ਦਲ ਮੈਂ ਧਾਇ ਕੈ ਕਰ ਮੈਂ ਗਹੀ ਕਮਾਨ।

ਗੁਰਦੇਵ ਸਾਹਿਬਜ਼ਾਦੇ ਦਾ ਸ਼ੇਰ ਦਿਲ ਵੇਖ ਕੇ ਬਹੁਤ ਖੁਸ਼ ਹੋਏ। ਪੰਜਾਂ ਪਿਆਰਿਆਂ ਵਿਚੋਂ ਭਾਈ ਸਾਹਿਬ ਸਿੰਘ ਜੀ ਤੇ ਭਾਈ ਹਿੰਮਤ ਸਿੰਘ ਜੀ ਨੂੰ ਸਾਹਿਬਜ਼ਾਦੇ ਦੇ ਨਾਲ ਜੰਗ ਵਿਚ ਟੋਰਿਆ। ਬਾਬਾ ਜੁਝਾਰ ਸਿੰਘ ਜੀ ਦੀ ਆਯੂ ਇਸ ਵੇਲੇ ਸਿਰਫ ਚੌਦਾਂ ਸਾਲ ਅੱਠ ਮਹੀਨੇ ਸੀ। ਜੁਝਾਰ ਸਿੰਘ ਦੇ ਹਵੇਲੀ ਤੋਂ ਬਾਹਰ ਨਿਕਲਣ ਸਾਰ ਹੀ ਮੈਦਾਨ ਭਖ ਗਿਆ। ਤੁਰਕਾਂ ਦੇ ਹੌਸਲੇ ਵੀ ਵਧੇ ਹੋਏ ਪਰਤੀਤ ਹੁੰਦੇ ਸਨ। ਲੋਥਾਂ ਉਤੇ ਲੋਥਾਂ ਚੜ੍ਹ ਗਈਆਂ। ਜਿਥੇ ਵੀ ਸਾਹਿਬਜ਼ਾਦੇ ਦਾ ਨੇਜ਼ਾ ਵਜਦਾ ਵੈਰੀਆਂ ਦੇ ਸੀਨੇ ਚੀਰਦਾ ਚਲਾ ਜਾਂਦਾ।

"ਬਰਛਾ ਲਗਾਵੈ ਜਾਹਿ ਲੇਤ ਹੈ ਪਰੋਇ ਤਾਹਿ।"

ਤੁਰਕ ਦਲ ਨੇ ਘੇਰਾ ਬਹੁਤ ਸੌੜਾ ਕਰ ਦਿਤਾ ਸੀ। ਹਿੰਮਤ ਸਿੰਘ ਬਾਜ਼ਾਂ ਵਾਂਗ ਝਪਟੇ। ਦਸਤੇ ਦਾ ਦਸਤਾ ਜ਼ਖ਼ਮੀ ਕਰ ਦਿਤਾ। ਦਸਮੇਸ਼ ਜੀ ਨੇ ਵੇਖਿਆ ਕਿ ਸਾਹਿਬਜ਼ਾਦੇ ਦੁਆਲੇ ਤੁਰਕਾਂ ਨੇ ਘੇਰਾ ਪਾ ਲਿਆ ਹੈ ਉਹਨਾਂ ਨੇ ਹਵੇਲੀ ਤੋਂ ਤੀਰ ਛਡੇ।



www.AKJ.Org

ਸਤਿਗੁਰਾਂ ਦੇ ਤੀਰਾਂ ਨੇ ਕਈ ਤੁਰਕ ਸਰਦਾਰਾਂ ਦੇ ਸੀਰਮੇ ਪੀ ਪਏ। ਪੰਜ ਛੇ ਕੁ ਲੱਖਾਂ ਦੇ ਸਾਹਮਣੇ ਕਿੰਨਾ ਕੁ ਚਿਰ ਲੜ ਸਕਦੇ ਸਨ। ਪਰੰਤੂ ਉਹਨਾਂ ਨੇ ਸਾਬਤ ਕਰ ਦਿਤਾ ਕਿ ਇਕ ਇਕ ਸਿੰਘ ਸਵਾ ਲੱਖ ਨਾਲ ਜੂਝ ਸਕਦਾ ਹੈ। ਜੁਝਾਰ ਸਿੰਘ ਜੀ ਤੁਰਕ ਦਲ ਵਿਚ ਇਸ ਤਰ੍ਹਾਂ ਫਿਰ ਰਹੇ ਸਨ ਜਿਵੇਂ ਮਗਰਮੱਛ ਮੱਛੀਆਂ ਦੀ ਭਾਲ ਵਿਚ ਸਮੁੰਦਰ ਵਿਚ ਭੱਜਾ ਫਿਰਦਾ ਹੁੰਦਾ ਹੈ। ਆਖ਼ਰ ਬਾਬਾ ਜੀ ਅਜੇਹੇ ਭਿਆਨਕ ਘੇਰੇ ਵਿਚ ਆਏ ਕਿ ਵਾਪਸ ਬਾਹਰ ਨ ਮੁੜ ਸਕੇ। ਸ਼ਹਾਦਤ ਪਾ ਕੇ ਵਡੇ ਭਰਾ ਨਾਲ ਜਾ ਮਿਲੇ। ਬਾਬਾ ਜੁਝਾਰ ਸਿੰਘ ਦੀ ਸ਼ਹੀਦੀ ਨੂੰ ਜਦੋਂ ਸੂਰਜ ਨੇ ਤਕਿਆ ਆਪਣਾ ਮੂੰਹ ਛੁਪਾ ਲਿਆ। ਪੰਥ ਦੇ ਵਾਲੀ ਦਾ ਚੰਨ ਪੁਤਰ ਤੀਰਾਂ ਦੀ ਸੇਜ ਤੇ ਪਿਆ ਸੀ। ਜਦੋਂ ਸੂਰਜ ਅਲੋਪ ਹੋ ਗਿਆ, ਰਾਤ ਦਾ ਰਾਜਾ ਚੰਨ ਬੜੀ ਅਜੀਬ ਸ਼ਾਨ ਨਾਲ ਨਿਕਲਿਆ। ਇਸ ਦਾ ਜ਼ਿਕਰ ਹਜ਼ੂਰ ਨੇ ਜ਼ਫ਼ਰਨਾਮੇ ਵਿਚ ਇਉ ਕੀਤਾ ਹੈ:—

ਚਰਾਗ ਜਹਾਂ ਚੂ ਸ਼ੁਦ ਬੁਰਕਾ ਪੋਸ਼।
ਸ਼ਾਹਿ ਸ਼ਬ ਬਰਾਮਦ ਹਮਾ ਜਲਵਾ ਜੋਸ਼।

## ਕਲਗੀਧਰ ਜੀ ਦੀ ਆਪ ਜੂਝ ਕੇ ਸ਼ਹਾਦਤ ਦੇਣ ਦੀ ਪ੍ਰਤਿਗਿਆ

ਗੜ੍ਹੀ ਅੰਦਰ ਗਿਣਤੀ ਦੇ ਸਿੰਘ ਰਹਿ ਗਏ ਸਨ। ਗੁਰੂ ਜੀ ਨੇ ਆਖਿਆ ਮੈਂ ਜਥਾ ਲੈ ਕੇ ਜਾਵਾਂਗਾ। ਇਹ ਉਹਨਾਂ ਦਾ ਅਗਲੇ ਦਿਨ ਦਾ ਪਰੋਗਰਾਮ ਸੀ। ਅਹਿਮਦਸ਼ਾਹ ਬਟਾਲਵੀ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲੋਹੜੇ ਦੀ ਜੋਸ਼ ਭਰੀ ਤਕਰੀਰ ਕੀਤੀ—'ਸਿੰਘੋ ਸਾਡੇ ਖ਼ੂਨ ਦਾ ਇਕ ਇਕ ਤੁਪਕਾ ਵੀ ਵਿਅਰਥ ਨਹੀਂ ਜਾਵੇਗਾ। ਵੈਰੀ ਤੁਰਕ ਦਲ ਤੋਂ ਸਾਡਾ ਖ਼ੂਨ ਜਦੋਂ ਤੀਕ ਧਰਤੀ ਅਕਾਸ਼ ਮੌਜੂਦ ਹਨ ਬਦਲਾ ਲੈਂਦਾ ਰਹੇਗਾ। ਮੈਂ ਆਪਣੀ ਸ਼ਹਾਦਤ ਲਈ ਆਪਣੇ ਆਪ ਨੂੰ ਪੇਸ਼ ਕਰਦਾ ਹਾਂ।'

ਸਿੰਘਾਂ ਨੇ ਬਥੇਰਾ ਜ਼ੋਰ ਲਾਇਆ ਕਿ ਸਤਿਗੁਰੂ ਜੀ ਸ਼ਹੀਦ ਨਾ ਹੋਣ। ਉਹਨਾਂ ਦੀ ਸ਼ਹਾਦਤ ਪੰਥ ਲਈ ਹਾਨੀਕਾਰਕ ਸਿੱਧ ਹੋਵੇਗੀ। ਅਜੇ ਉਹਨਾਂ ਨੇ ਬੜੇ ਕੰਮ ਮੁਕਾਉਣੇ ਹਨ। ਜੇਕਰ ਗੁਰੂ ਜੀ ਜਿਊਂਦੇ ਰਹੇ ਫਿਰ ਤਾਂ ਪੰਥ ਨੂੰ ਪੈਦਾ ਕਰ ਸਕਣਗੇ ਜੇਕਰ ਹੁਣੇ ਜੂਝ ਗਏ ਪੰਥ ਨੂੰ ਮੁੜ ਜਗਾਉਣਾ ਔਖਾ ਹੋ ਜਾਵੇਗਾ ਤੇ ਪੰਥ ਦਾ ਇਕੱਠ ਬਿਖਰ ਜਾਵੇਗਾ। ਪਰੰਤੂ ਫੌਲਾਦੀ ਗੁਰੂ ਜੀ ਆਪਣੇ ਫੈਸਲੇ ਤੇ ਦ੍ਰਿੜ ਰਹੇ। ਉਨ੍ਹਾਂ ਕਿਹਾ ਮੈਂ ਸ਼ਹਾਦਤ ਦੇਵਾਂਗਾ। ਦਸ ਕੁ ਸਿੰਘ ਬਾਕੀ ਰਹਿੰਦੇ ਸਨ। ਭਾਈ ਦਇਆ ਸਿੰਘ ਜੀ ਨੇ ਪੰਜਾਂ ਪਿਆਰਿਆਂ ਦਾ ਇਕੱਠ ਬੁਲਾਇਆ। ਪੰਥ ਦੇ ਵਾਲੀ ਨੂੰ ਹਵੇਲੀ ਛਡ ਕੇ ਚਲੇ ਜਾਣ ਲਈ ਹੁਕਮ ਦੇ ਦਿਤਾ। ਪੰਥ ਦਾ ਵਾਲੀ ਕਿਵੇਂ ਮੋੜ ਸਕਦਾ ਸੀ? ਗੁਰੂ ਤੇ ਚੇਲਾ ਆਪ ਹੀ ਸਤਿਗੁਰਾਂ ਨੇ ਪੰਥ ਦੇ ਹੁਕਮ ਅਗੇ ਸਿਰ ਝੁਕਾਇਆ ਤੇ ਅ ਖਿਆ:—'ਤੁਹਾਡਾ ਹੁਕਮ ਮੰਨਕੇ ਮੈਂ ਹਵੇਲੀ ਤਾਂ ਛਡ ਜਾਵਾਂਗਾ ਪਰੰਤੂ ਮੈਂ ਵੈਰੀ ਨੂੰ ਲਲਕਾਰ ਪਾ ਕੇ ਬਾਹਰ ਨਿਕਲਾਂਗਾ।'

ਸਤਿਗੁਰਾਂ ਨੇ ਆਪਣੇ ਨਾਲ ਤਿੰਨ ਸਿੰਘ ਲੈ ਲਏ, ਭਾਈ ਮਾਨ ਸਿੰਘ ਜੀ, ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਜੀ। ਗੜ੍ਹੀ ਵਿਚ ਬਾਕੀ ਸਤ ਸਿੰਘ ਭਾਈ ਜੀਵਨ ਸਿੰਘ, ਭਾਈ ਲੱਧਾ ਸਿੰਘ, ਭਾਈ ਰਾਮ ਸਿੰਘ, ਭਾਈ ਦੇਵਾ ਸਿੰਘ, ਭਾਈ ਸੰਤੋਖ ਸਿੰਘ, ਭਾਈ ਕੇਹਰ ਸਿੰਘ, ਭਾਈ ਸੰਗਤ ਸਿੰਘ ਰਹਿ ਗਏ ਸਨ। ਇਹਨਾਂ ਸੱਤਾਂ ਵਿਚੋਂ ਭਾਈ ਸੰਗਤ ਸਿੰਘ ਜੀ ਦੀ ਸ਼ਕਲ ਗੁਰੂ ਜੀ ਨਾਲ ਰਲਦੀ ਸੀ। ਸੋ ਸਤਿਗੁਰਾਂ ਨੇ ਆਪਣੇ ਮੁਹਾਂਦਰੇ ਵਾਲੇ ਸੰਗਤ ਸਿੰਘ ਨੂੰ ਪੋਸ਼ਾਕ ਪਹਿਨਾ ਕੇ ਸਿੰਘਾਸਣ ਤੇ ਬਿਠਾ ਦਿਤਾ ਤੇ ਅਪਣੀ ਕਲਗੀ ਵੀ ਸਜਾ ਦਿਤੀ। ਖਾਲਸਾ ਪੰਥ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਤਾਬੇ ਰਹਿਣ ਦੀ ਤਾਕੀਦ ਵੀ ਕਰ ਦਿਤੀ। ਖਾਲਸੇ ਨੂੰ ਗੁਰਿਆਈ ਬਖਸ਼ ਕੇ ਖਾਲਸੇ ਵਿਚ ਗੁਰੂ ਨੂੰ ਅਭੇਦ ਕਰ ਦਿਤਾ।

ਅਧੀ ਕੁ ਰਾਤ ਜਦੋਂ ਬੀਤ ਗਈ ਦਸਮੇਸ਼ ਜੀ ਨੇ ਬੁਰਜ ਉਤੇ ਖਲੋ ਕੇ ਨਰਸਿੰਙਾ ਵਜਾਇਆ ਜਿਸਤੋਂ ਸਪਸ਼ਟ ਸੀ ਕਿ ਹਮਲਾ ਹੋਣ ਲਗਾ ਹੈ। ਹਵੇਲੀ ਦੀ ਬਾਹਰਲੀ ਕੰਧ ਸਤਿਗੁਰੂ ਜੀ ਛਾਲ ਮਾਰਕੇ ਟੱਪ ਗਏ।



www.AKJ.Org

ਬਾਕੀ ਸਿੰਘਾਂ ਨੂੰ ਮਿਥੇ ਵਕਤ ਅਨੁਸਾਰ ਪਿਛੇ ਆਉਣ ਲਈ ਕਿਹਾ। ਹਨੇਰੇ ਵਿਚੋਂ ਦੀ ਲੋਥਾਂ ਨੂੰ ਚੀਰਦੇ ਹੋਏ ਇਕ ਉਚੇ ਟਿੱਬੇ ਉਤੇ ਸਤਿਗੁਰੂ ਜੀ ਜਾ ਖਲੋਤੇ। ਮੁਗਲ ਕੈਂਪ ਵਿਚ ਸ਼ੋਰ ਮਚ ਗਿਆ ਸੀ। ਵੈਰੀ ਦੇ ਕਈ ਬੰਦੇ ਦਸ਼ਮੇਸ਼ ਜੀ ਵਲ ਨੂੰ ਵਧੇ। ਮਿਸਾਲਚੀ ਮਿਸਾਲ ਜਗਾਈ ਆ ਰਿਹਾ ਸੀ। ਸਤਗੁਰਾਂ ਨੇ ਉਸ ਦੀ ਹਥੇਲੀ ਦੀ ਸੇਧ ਰਖਕੇ ਅਜੇਹਾ ਤੀਰ ਛਡਿਆ ਕਿ ਉਸਦੀ ਮਿਸਾਲ ਭੁੰਞੇ ਆ ਪਈ। ਇਸ ਸ਼ੋਰ ਸਰਾਬੇ ਵਿਚ ਸਤਗੁਰਾਂ ਦੀ ਚੀਚੀ ਉਂਗਲ ਕਟੀ ਗਈ। ਗੁਰ ਸੋਭਾ ਦੇ ਲਿਖਾਰੀ ਸੈਨਾਪਤ ਨੇ ਇਸ ਘਟਨਾ ਦਾ ਵਰਨਣ ਇਸ ਪਰਕਾਰ ਕੀਤਾ ਹੈ :—

ਇਕ ਦੂਤਨ ਚੋਟ ਕਰੀ ਖਨਸਾਏ। ਯੋ ਪ੍ਰਭ ਜੀ ਕੀ ਕਰਨੀ ਇਵ ਹੀ ਇਕ ਉਂਗਲ ਪੋਰਾ ਰਹੀ ਤਿਹ ਠਾਏ।

ਗੁਰੂ ਜੀ ਦਿਨ ਚੜਦੇ ਤੀਕਰ ਛੇ ਸਤ ਕੁ ਮੀਲ ਨਿਕਲ ਗਏ ਸਨ। ਸਤਗੁਰਾਂ ਦੇ ਮਗਰ ਮਗਰ ਉਨਾਂ ਦੇ ਤਿੰਨ ਸਾਥੀ (ਭਾਈ ਮਾਨ ਸਿੰਘ ਜੀ, ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ) ਉਨਾਂ ਦੀ ਭਾਲ ਵਿਚ ਆ ਰਹੇ ਸਨ। ਅਕਾਸ਼ ਦੇ ਤਾਰਿਆਂ ਦੀ ਸੇਧ ਅਨੁਸਾਰ ਸਿੰਘ ਹਨੇਰੀ ਰਾਤ ਵਿਚ ਸਫਰ ਕਰ ਰਹੇ ਸਨ ਚੱਪਾ ਚੱਪਾ ਦੁਸ਼ਮਣ ਨੇ ਮਲਿਆ ਹੋਇਆ ਸੀ। ਕਿਸੇ ਵੀ ਵੇਲੇ ਖਤਰਾ ਵਿਆਪ ਸਕਦਾ ਸੀ। ਰਸਤੇ ਵਿਚ ਹਨੇਰਾ ਘੁੱਪ ਤੇ ਝਾੜੀਦਾਰ ਜੰਗਲ ਸੀ। ਦਸਮੇਸ਼ ਜੀ ਵੀ ਸਿੰਘਾਂ ਵਾਂਗ ਭੁਖਣ ਭਾਣੇ ਇਕ ਅਕਾਲ ਦੀ ਓਟ ਰਖ ਕੇ ਪੈਂਡਾ ਮਾਰ ਰਹੇ ਸਨ। ਅੰਨ ਪਾਣੀ ਛਕਿਆਂ ਅੱਠ ਪਹਿਰ ਲੰਘ ਚੁਕੇ ਸਨ। ਮਾਲਵੇ ਵਲ ਨਿਕਲ ਜਾਣਾ ਉਨਾਂ ਠੀਕ ਸਮਝਿਆ। ਮਾਝੇ ਵਲ ਜਾਣ ਲਈ ਰਸਤੇ ਵਿਚ ਸਤਲੁਜ ਦਰਿਆ ਪੈਂਦਾ ਸੀ। ਚਮਕੌਰ ਤੋਂ ਦਖਣ ਪੂਰਬ ਵਲ ਮੁਗਲ ਫੌਜਾਂ ਸਨ ਤੇ ਇਸ ਦੇ ਨੇੜੇ ਹੀ ਮੁਗਲ ਸਾਮਰਾਜ ਦਾ ਗੜ ਸਰਹੰਦ ਸੀ। ਕੇਵਲ ਸਤਲੁਜ ਦਰਿਆ ਦੇ ਨਾਲ ਨਾਲ ਦਾ ਜੰਗਲ ਤੇ ਬੇਟ ਦਾ ਇਲਾਕਾ ਮਹਿਫੂਜ਼ ਸੀ ਜਿਧਰ ਨੂੰ ਸਤਿਗੁਰੂ ਜਾ ਰਹੇ ਸਨ। ਦਿਨ ਚੜ੍ਹ ਜਾਣ ਨਾਲ ਸਫਰ ਕਰਨਾ ਹੋਰ ਵੀ ਡਾਢਾ ਖਤਰੇ ਭਰਿਆ ਸੀ। ਦਿਨ ਵਿਚ ਪਛਾਣੇ ਜਾਣ ਦਾ ਡਰ ਸੀ ਪਹੁ ਫੁਟਣ ਤੇ ਆ ਗਈ ਸੀ ਦੁਸ਼ਟ-ਦਮਨ ਸੰਤ ਸਿਪਾਹੀ ਮਾਛੀਵਾੜੇ ਦੇ ਕੋਲ ਪੁਜ ਚੁਕੇ ਸਨ। ਪਿੰਡ ਦੀ ਵਸੋਂ ਤੋਂ ਬਾਹਰ ਜੰਗਲ ਤੇ ਬਾਗ ਸੀ। ਝਾੜ ਬੜੇ ਸੰਘਣੇ ਸਨ। ਸਤਿਗੁਰੂ ਜੀ ਦੋ ਦਿਨ ਦੋ ਰਾਤਾਂ ਦੇ ਲਗਾਤਾਰ ਲੜਦੇ ਆ ਰਹੇ ਸਨ ਤੇ ਥੱਕੇ ਟੁਟੇ ਸਨ। ਸੋ ਝਾੜਾਂ ਵਿਚ ਅਰਾਮ ਕਰਨ ਲਈ ਲੇਟ ਗਏ। ਇਕ ਟਿੰਡ ਦਾ ਸਿਰਹਾਣਾ ਜਿਹਾ ਬਣਾ ਲਿਆ। ਪੂਰਾ ਇਕ ਦਿਨ ਤੇ ਇਕ ਰਾਤ ਦਸ਼ਮੇਸ਼ ਜੀ ਝਾੜਾਂ ਵਿਚ ਹੀ ਸੁਤੇ ਪਏ ਰਹੇ। ਜਦੋਂ ਅਗਲਾ ਦਿਨ ਚੜਿਆ ਬਾਗ ਦਾ ਰਾਖਾ ਉਥੇ ਪੁਜਾ। ਉਸ ਨੇ ਬਾਗ ਦੇ ਮਾਲਕ ਗੁਲਾਬੇ ਨੂੰ ਦਸਿਆ ਕਿ ਕੋਈ ਜੰਗਜੂ ਸਿਪਾਹੀ ਉਥੇ ਲੇਟਿਆ ਹੈ। ਗੁਲਾਬਾ ਆ ਗਿਆ। ਉਸ ਨੇ ਸਤਿਗੁਰਾਂ ਨੂੰ ਪਛਾਣ ਲਿਆ। ਸਤਿਗੁਰਾਂ ਤੋਂ ਖਿਮਾਂ ਮੰਗੀ। ਬੜੀ ਆਓ ਭਗਤ ਕੀਤੀ। ਗੁਲਾਬਾ ਸਤਿਗੁਰੂ ਜੀ ਨੂੰ ਆਪਣੇ ਚੁਬਾਰੇ 'ਚ ਲੈ ਗਿਆ। ਗੁਰੂ ਜੀ ਨੇ ਕਮਰਕਸਾ ਖੋਲਿਆ। ਹੱਥ ਮੂੰਹ ਧੋਤਾ ਤੇ ਦੁਧ ਦਾ ਛੰਨਾ ਛਕਿਆ। ਪਿਛਾ ਕਰਦੇ ਹੋਏ ਤ੍ਰੈ ਸਿੰਘ ਸਤਿਗੁਰਾਂ ਨੂੰ ਜਦੋਂ ਉਹ ਝਾੜਾਂ ਵਿਚ ਲੇਟੇ ਹੋਏ ਸਨ ਮਿਲ ਪਏ ਸਨ। ਬਾਗ ਦੇ ਰਾਖੇ ਨੇ ਉਨਾਂ ਨੂੰ ਦਸ ਪਾ ਦਿਤੀ ਕਿ ਤੁਹਾਡੇ ਵਰਗਾ ਇਕ ਸ਼ਸਤਰਧਾਰੀ ਸੂਰਮਾ ਇਧਰ ਨੂੰ ਆਇਆ ਹੈ ਤੇ ਸਾਹਮਣੇ ਝਾੜਾਂ ਵਿਚ ਘੂਕ ਸੁਤਾ ਹੈ। ਅਰਾਮ ਕਰ ਰਹੇ ਸਤਿਗੁਰਾਂ ਦੇ ਸਿੰਘਾਂ ਨੇ ਪੈਰ ਫੜ ਲਏ। ਸਤਿਗੁਰੂ ਜੀ ਦਾ ਹਥ ਤੀਰਾਂ ਦੇ ਭੱਥੇ ਤੇ ਗਿਆ ਭਾਈ ਦਇਆ ਸਿੰਘ ਜੀ ਤੇ ਉਨਾਂ ਦੇ ਸਾਥੀ ਕੋਲ ਖਲੋਤੇ ਸਨ। ਸਿੰਘਾਂ ਨੂੰ ਗੁਰੂ ਜੀ ਦੇ ਮਿਲਣ ਦੀ ਜੋ ਖੁਸ਼ੀ ਹੋਈ ਉਹ ਕਲਮ ਬਿਆਨ ਨਹੀਂ ਕਰ ਸਕਦੀ। ਗੁਲਾਬੇ ਨੂੰ ਭਾਵੇਂ ਸਤਿਗੁਰਾਂ ਨਾਲ ਪ੍ਰੇਮ ਜ਼ਰੂਰ ਸੀ ਪਰੰਤੂ ਉਸ ਨੂੰ ਆਪਣਾ ਖਤਰਾ ਵੀ ਸਾਹਮਣੇ ਦਿਸਣ ਲਗਾ।

——



www.AKJ.Org

# ਅਜ ਕਲ ਦਾ ਲਿਬਾਸ ਤੇ ਸ਼ਿੰਗਾਰ

ਵਲੋਂ :

ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ

*

ਹਰ ਦੇਸ ਹਰ ਕੌਮ ਦਾ ਕੋਈ ਨਾ ਕੋਈ ਲਿਬਾਸ ਤੇ ਸ਼ਿੰਗਾਰ ਹੈ, ਇਹ ਓਨਾ ਹੀ ਜ਼ਰੂਰੀ ਹੈ, ਜਿੰਨੀ ਪੰਜ ਤਤ ਦੀ ਹੋਂਦ ਖਾ ਕਰਕੇ ਮਨੁਖ ਜਾਤੀ ਤਾਂ ਏਸ ਤੋਂ ਹੈ ਹੀ ਅਧੂਰੀ। ਹੁਣ ਵੇਖਣਾ ਹੈ ਪੰਜ ਤੱਤ ਸਰੀਰ ਵਾਸਤੇ ਕਿਨੇ ਜ਼ਰੂਰੀ ਹਨ। ਹਰ ਇਕ ਤੱਤ ਦੀ ਕੋਈ ਮਿਕਦਾਰ ਹੈ, ਨਹੀਂ ਤੇ ਹਦੋਂ ਕੋਈ ਵਧਿਆ ਤੱਤ ਵੀ ਮਨੁਖੀ ਸਰੀਰ ਨੂੰ ਸੁਖ ਦੀ ਥਾਂ ਦੁਖ ਦਾ ਕਾਰਨ ਬਣ ਜਾਂਦਾ ਹੈ। ਏਸੇ ਤਰਾਂ ਲਿਬਾਸ ਤੇ ਸ਼ਿੰਗਾਰ ਦੀ ਵਰਤੋਂ ਦੀ ਲੋੜ ਜ਼ਰੂਰੀ ਹੈ। ਪੁਰਸ਼ ਪਾਨੀ ਵਤ ਨਿਰਮਲ, ਮਨ, ਸੀਤਲ ਸੁਭਾ ਹਰਮਨ ਪਿਆਰਾ ਹੋਵੇ, ਤਾਂ ਤੇ ਸਫਲਾ ਹੈ, ਪਰ ਜੇਕਰ ਪਾਣੀ ਵਿਚ ਕਢੀ ਸ਼ਰਾਬ ਸੋਹਣੇ ਰੰਗ ਭਰੀ ਹੋਈ ਬੋਤਲਾਂ ਤੇ ਬੜੇ ਸੁੰਦਰ ਲੇਬਲ ਵਾਲੀ ਇਕ ਵਾਰ ਪੀਤਿਆਂ ਹੀ ਮਾਰ ਦਿੰਦੀ ਹੈ ਮਤ ਚੰਗਿਆਂ ਚੰਗਿਆਂ ਦੀ ਤੇ ਪਾ ਦਿੰਦੀ ਹੈ ਕਈ ਪਵਾੜੇ, ਭਾਵੇਂ ਪੀਤੀ ਹੋਵੇ ਬਰਫਾਂ ਪਾ ਪਾ ਕੇ। ਏਸੇ ਤਰਾਂ ਲਿਬਾਸ ਤੇ ਸ਼ਿੰਗਾਰ ਆਪਣੇ ਥਾਂ ਚੰਗਾ ਹੈ, ਪਰ ਹਦੋਂ ਵਧਿਆ ਕੀਹ ਨਹੀਂ ਕਰ ਦੇਂਦਾ ਸਮਾਜ ਨਾਲ ਜਿਵੇਂ ਕੋਈ ਪਾਣੀ ਪੀ ਲੈਂਦਾ ਹੈ ਹਦੋਂ ਵਧ ਤੇ ਲਾ ਲੈਂਦਾ ਹੈ ਰੋਗ ਓਸੇ ਪਾਣੀ ਤੋਂ ਜੋ ਪਾਣੀ ਜੀਵਨ ਹੈ ਮਨੁਖਤਾ ਦਾ।

'ਪਹਿਲਾ ਪਾਣੀ ਜੀਉ ਹੈ'

ਪਰ ਜੇਕਰ ਪਾਣੀ ਹੜ ਚੜ੍ਹ ਵਗੇ ਤਾਂ ਕਰ ਦੇਂਦਾ ਹੈ ਹਰੇ ਭਰੇ ਖੇਤ ਵੈਰਾਨ ਤੇ ਰੋੜ੍ਹ ਦੇਂਦਾ ਹੈ ਵਸਦੇ ਰਸਦੇ ਪਿੰਡਾਂ ਨੂੰ।

## ਦੂਜਾ ਤੱਤ ਹਵਾ ਹੈ

ਜੇਕਰ ਹਵਾ ਨਾ ਹੋਵੇ, ਬੰਦਾ ਇਕ ਪਲ ਵੀ ਜੀ ਨਹੀਂ ਸਕਦਾ। ਜਿਥੇ ਮਿਠੀ ਰੁਮਕਦੀ ਹਵਾ ਸੁਖ ਪੁਚਾਂਦੀ ਹੈ, ਜਿਸਦਾ ਵਰਨਣ ਕਰਨਾ ਕਠਨ ਹੈ, ਉਥੇ ਹਵਾ ਹਨੇਰੀ ਬਣ ਕੇ ਵਗੇ, ਤਾਂ ਕੀ ਨਹੀਂ ਕਰ ਦੇਂਦੀ। ਧਰਤੀ ਦਾ ਘਟਾ ਅੱਖਾਂ ਵਿਚ ਤੇ ਸਿਰ ਤੇ ਪਾ ਕੇ ਰੂਪ ਤੋਂ ਕਰੂਪ ਕਰ ਦੇਂਦੀ ਹੈ ਤੇ ਪੁਟ ਛਡਦੀ ਹੈ ਵਡੇ ਵਡੇ ਰੁਖਾਂ ਨੂੰ।

ਤਾਂ ਤੇ ਸ਼ਿੰਗਾਰ ਬੜਾ ਚੰਗਾ ਹੈ, ਹਵਾ ਵਾਂਗ ਜ਼ਰੂਰੀ, ਪਰ ਹਦੋਂ ਵਧਿਆ ਪਤਰਾਂ ਵਾਂਗ ਉਡਾ ਦੇਂਦਾ ਹੈ ਸ਼ੁਭ ਗੁਣਾਂ ਨੂੰ ਧਰਮੀ ਬੰਦੇ ਵੀ ਰੁਖਾਂ ਵਾਂਗੂ ਸਿਰਪਰਨੇ ਕਰ ਦੇਂਦਾ ਹੈ ਇਕੋ ਝਟਕੇ ਨਾਲ ਤੇ ਸਾੜ ਦੇਂਦਾ ਹੈ ਹਵਾ ਵਾਂਗ ਬਾਂਸਾਂ ਦੇ ਜੰਗਲਾਂ ਦੇ ਜੰਗਲ ਉਹਨਾਂ ਦੀ ਆਪਣੀ ਅਗਨੀ ਨਾਲ ਤੇ ਮਨੁਖ ਲੜਦੇ ਮਰਦੇ ਰੁਲਦੇ ਹਨ ਵਿਚ ਅਦਾਲਤਾਂ ਦੇ, ਥੋੜੀ ਥੋੜੀ ਝਲਕੀ ਵੇਖਣ ਦੇ ਦੋਸ਼ ਵਿਚ।

## ਅਗਨੀ ਤੀਜਾ ਤੱਤ

ਅਗਨੀ ਮਨੁਖ ਦੇ ਸਰੀਰ ਵਿਚ ਇਕ ਅਤੀ ਲੋੜੀਂਦਾ ਤੱਤ ਹੈ, ਜਦੋਂ ਮਨੁਖ ਦੇ ਅੰਦਰ ਅਗਨੀ ਨਾ ਰਹੇ, ਤਾਂ ਮੁਰਦਾ ਹੋ ਜਾਂਦਾ ਹੈ ਸਰੀਰ ਠੰਢਾ ਸੀਤ ਹੋਕੇ। ਇਸ ਤਰ੍ਹਾਂ ਸ਼ਿੰਗਾਰ ਮਨੁਖਤਾ ਲਈ ਲੋੜੀਂਦੀ ਚੀਜ਼ ਹੈ, ਪਰ ਅਗਨੀ ਜੇਕਰ ਮਿਕਦਾਰ ਵਿਚ ਰਹੇ, ਤਾਂ ਹਰ ਇਕ ਖਾਧੀ ਚੀਜ਼ ਹਜ਼ਮ ਕਰਦੀ ਹੈ, ਪਰ ਹਦੋਂ ਵੱਧ ਜਾਏ ਤਾਂ ਤਾਪ ਬੁਖਾਰ ਚੜ੍ਹਾਕੇ ਬੋਂਦਲਾ ਦੇਂਦੀ ਹੈ, ਅਨੇਕਾਂ ਰੋਗਾਂ ਦਾ ਸ਼ਿਕਾਰ ਹੋ ਕੇ ਮਨੁਖ ਭਟਕਦਾ ਫਿਰਦਾ ਹੈ। ਜਿਥੇ ਅਗਨੀ ਨਾਲ ਹਰ ਪਰਕਾਰ ਦੇ ਖਾਣੇ ਤਿਆਰ ਕੀਤੇ ਜਾਂਦੇ ਹਨ, ਉਸੇ ਅਗਨੀ ਨਾਲ ਸਭ ਕੁਝ ਸਾੜ ਲਿਆ ਜਾਂਦਾ ਹੈ। ਗੱਲ ਕੀ ਨਿਰਾ ਮਾਲ ਧੰਨ ਹੀ ਨਹੀਂ ਗਵਾ ਦੇਂਦਾ, ਸਗੋਂ ਮਨੁਖ ਗਰੀਬ ਹੋ ਕੇ ਦਰ ਦਰ ਧਕੇ ਖਾਂਦਾ



www.AKJ.Org

ਫਿਰਦਾ ਤੇ ਅਗਨੀ ਨਾਲ ਜਿਵੇਂ ਸੜਿਆ ਸਾਮਾਨ ਸੰਸਾਰ ਵਿਚ ਕਿਸੇ ਕੰਮ ਦਾ ਨਹੀਂ ਰਹਿੰਦਾ, ਇਸੇ ਤਰ੍ਹਾਂ ਹਦੋਂ ਵਧ ਸ਼ਿੰਗਾਰ ਕਰਕੇ ਆਪਣਾ ਤੇ ਦੂਜਿਆਂ ਦਾ ਧਰਮ ਸ਼ਰਮ ਵੀ ਸੜਿਆ ਜਾਂਦਾ ਹੈ ਤੇ ਬਣ ਜਾਂਦਾ ਹੈ ਬਰਬਾਦੀ ਦਾ ਕਾਰਨ। ਜਦੋਂ ਰੀਸਾਂ ਨਾਲ ਕਰਨਾ ਪੈਂਦਾ ਹੈ ਸ਼ਿੰਗਾਰ ਗਰੀਬਾਂ ਨੂੰ, ਜਿਸ ਦੇ ਪ੍ਰਾਪਤ ਕਰਨ ਵਾਸਤੇ ਅਨੇਕਾਂ ਉਪੱਦਰ ਵੀ ਕਰਨੇ ਪੈ ਜਾਂਦੇ ਹਨ, ਇਸ ਦੇ ਪੂਰਾ ਕਰਨ ਲਈ ਤੇ ਵੇਖਣੇ ਪੈਂਦੇ ਹਨ ਉਹਨਾਂ ਨੂੰ ਦੁਖ ਜ਼ੇਹਲਾਂ ਦੇ।

## ਚੌਥਾ ਤੱਤ ਧਰਤੀ

ਧਰਤੀ ਤੋਂ ਮੁਰਾਦ ਮਿਟੀ ਹੈ। ਤਨ ਅਸਲ ਵਿਚ ਮਿਟੀ ਦਾ ਪੁਤਲਾ ਹੈ। ਜੇਕਰ ਇਹ ਮਿਟੀ ਚੰਗੀ ਤੇ ਸਾਫ ਹੋਵੇ ਤਾਂ ਮਨੁਖ ਦਾ ਗੋਰਾ ਰੰਗ ਸਭ ਨੂੰ ਪਿਆਰਾ ਲਗਦਾ ਹੈ, ਪਰ ਇਸ ਦੀ ਵੀ ਕੋਈ ਹਦ ਹੋਵੇ, ਨਹੀਂ ਤਾਂ ਫੁਲਬਹਿਰੀ ਦਾ ਰੋਗ ਬਣ ਕੇ ਮਨੁਖਤਾ ਦਾ ਰੂਪ ਹੀ ਵਿਗਾੜ ਦੇਂਦੀ ਹੈ। ਜਿਥੇ ਸਰੀਰ ਮਿਟੀ ਦਾ ਪੁਤਲਾ, ਸੰਸਾਰ ਦੇ ਸਾਰੇ ਕੰਮ ਸਵਾਰ ਕਰਦਾ ਹੈ, ਉਥੇ ਹਦੋਂ ਵਧ ਮੋਟਾ ਮਨੁਖ ਕਿਸੇ ਕੰਮ ਦਾ ਨਹੀਂ ਰਹਿੰਦੇ। ਉਠਣਾ ਬੈਠਣਾ ਸੌਣਾ ਸਭ ਹਰਾਮ ਹੋ ਜਾਂਦੇ ਨੇ ਤੇ ਇਕ ਤਮਾਸ਼ਾ ਬਣ ਜਾਂਦਾ ਹੈ ਵੇਖਣ ਵਾਲੇ ਲੋਕਾਂ ਦਾ, ਜਿਧਰ ਜਾਏ ਲੋਕੀਂ ਉਂਗਲਾਂ ਕਰਦੇ ਨੇ, ਜੀ ਵੇਖੋ ਕਿਡਾ ਦੁਖੀ ਹੋ ਕੇ ਟੁਰਦਾ ਹੈ ਵਿਚਾਰਾ। ਠੀਕ ਇਸ ਤਰ੍ਹਾਂ ਲਿਬਾਸ ਤੇ ਸ਼ਿੰਗਾਰ ਉਪਰੋਕਤ ਮਿਟੀ ਵਾਂਗ ਦੁਖਾਂ ਦਾ ਕਾਰਨ ਬਣ ਜਾਂਦਾ ਹੈ ਆਪਣੇ ਵਾਸਤੇ ਵੀ ਹਦੋਂ ਵਧਿਆ ਹੋਇਆ।

## ਪੰਜਵਾਂ ਤੱਤ ਆਕਾਸ਼

ਜਿਵੇਂ ਨਿਰਮਲ ਆਕਾਸ਼ ਧੁਪ ਤੇ ਚਾਨਣ ਦਾ ਕਾਰਨ ਹੈ, ਜੀਵ ਲਈ ਇਸੇ ਤਰ੍ਹਾਂ ਲਿਬਾਸ ਤੇ ਸ਼ਿੰਗਾਰ ਲੋੜੀਂਦੀ ਚੀਜ਼ ਹੈ ਮਨੁਖਤਾ ਲਈ, ਪਰ ਜੇਕਰ ਆਕਾਸ਼ ਤੇ ਬੱਦਲ ਹੀ ਬੱਦਲ ਹੋ ਜਾਣ ਤਾਂ ਛੁਪ ਜਾਂਦਾ ਹੈ, ਚੰਦਰਮਾ ਜਿਹਾ ਮੁਖੜਾ ਤੇ ਸੂਰਜ ਜਿਹੀ ਰੌਸ਼ਨੀ, ਹੋ ਜਾਂਦਾ ਹੈ ਹਨੇਰਾ ਦਿਨ ਦੀਵੀਂ ਤੇ ਛਪਦੇ ਫਿਰਦੇ ਨੇ ਪਸ਼ੂ ਪੰਛੀ ਤੇ ਦੁਨੀਆਂ ਦੇ ਲੋਕ ਆਪਣੇ ਅੰਦਰਾਂ ਵਿਚ ਜੇ ਮਤਾਂ ਇਹ ਤੁਫਾਨ ਬਣ ਜਾਏ ਤੇ ਪਾ ਦੇਵੇ ਹਨੇਰ ਕੋਈ। ਠੀਕ ਇਸ ਤਰ੍ਹਾਂ ਹਦੋਂ ਵਧਿਆ ਸ਼ਿੰਗਾਰ ਮਨੁਖਤਾ ਦੀਆਂ ਸਾਰੀਆਂ ਚੰਗਿਆਈਆਂ ਨਸ਼ਟ ਕਰ ਦੇਂਦਾ ਹੈ ਤੇ ਡਰਦੇ ਫਿਰਦੇ ਨੇ ਸ਼ਰੀਫ ਲੋਕੀਂ ਇਸਦੀਆਂ ਚਮਕਣ ਵਾਲੀਆਂ ਬਿਜਲੀਆਂ ਤੋਂ। ਸੰਸਾਰ ਵਿਚ ਕੁਝ ਬਗਲੇ ਆਦਿਕ ਜਾਨਵਰ ਭਾਵੇਂ ਉਡਦੇ ਦਿਸਦੇ ਨੇ ਇਹਨਾਂ ਕਾਲੀਆਂ ਘਟਾਂ ਵਿਚ, ਪਰ ਨਹੀਂ ਟਿਕ ਸਕਦੇ ਕਿਧਰੇ ਚੰਗੇ ਪੰਛੀ ਇਸ ਹਨੇਰੇ ਵਿਚ, ਜੋ ਇਸ ਵੇਲੇ ਹੋ ਰਿਹਾ ਹੈ ਚਾਰ ਚੁਫੇਰੇ ਤੇ ਆਖਣਾ ਪਿਆ ਹੈ ਗੁਰਦੇਵ ਜੀ ਨੂੰ :—

ਹਉ ਭਾਲ ਵਿਕੁੰਨੀ ਹੋਈ,
ਅੰਧੇਰੈ ਰਾਹੁ ਨ ਕੋਈ।

——

---

# ਮਹਾਨ ਅਖੰਡ ਕੀਰਤਨ ਸਮਾਗਮ ਜੈਪੁਰ (ਰਾਜਿਸਥਾਨ)

## ੧੧ ਫ਼ਰਵਰੀ ਤੋਂ ੧੪ ਫ਼ਰਵਰੀ ੧੯੭੧

ਸਤਿਗੁਰੂ ਜੀ ਦੀ ਅਪਾਰ ਕਿਰਪਾ ਦੁਆਰਾ ਰਾਜਸਥਾਨ ਦਾ ਸਾਲਾਨਾ ਸਮਾਗਮ ਇਸ ਵਾਰੀ ਕੋਟਾ ਦੀ ਥਾਵੇਂ ਜੈਪੁਰ ਵਿਖੇ ਹੋਣਾ ਨੀਯਤ ਹੋਇਆ ਹੈ। ਇਹ ਅਖੰਡ ਕੀਰਤਨ ਸਮਾਗਮ ੧੧ ਫ਼ਰਵਰੀ ਤੋਂ ੧੪ ਫ਼ਰਵਰੀ ਤਕ ਜੈਪੁਰ ਵਿਖੇ ਹੋਵੇਗਾ। ੧੧ ਫ਼ਰਵਰੀ (ਵੀਰਵਾਰ) ਅੰਮ੍ਰਿਤ ਵੇਲੇ ਕੀਰਤਨ ਆਸਾ ਦੀ ਵਾਰ ਨਾਲ ਸਮਾਗਮ ਦੀ ਅਰੰਭਤਾ ਹੋ ਕੇ ੧੪ ਫ਼ਰਵਰੀ (ਐਤਵਾਰ) ਸਵੇਰੇ ੭ ਵਜੇ ਰੈਣਸਬਾਈ ਕੀਰਤਨ ਦੇ ਭੋਗ ਨਾਲ ਸਮੁਚੇ ਸਮਾਗਮ ਦੀ ਸਮਾਪਤੀ ਹੋਵੇਗੀ। ੧੩ ਫ਼ਰਵਰੀ (ਸਨੀਚਰਵਾਰ) ਪਾਵਨ ਅੰਮ੍ਰਿਤ ਸੰਚਾਰ ਵੀ ਹੋਵੇਗਾ।

ਸਰਬ ਕੀਰਤਨੀ ਤੇ ਸਰੋਤੇ ਵੀਰ੍ਹਾਂ ਭੈਣਾਂ ਦੀ ਸੇਵਾ ਵਿਚ ਬਿਨੈ ਹੈ ਕਿ ਇਸ ਸਮਾਗਮ ਤੇ ਵਧ ਚੜ੍ਹਕੇ ਦਰਸ਼ਨ ਦੇਕੇ ਰਾਜਸਥਾਨ ਦੀਆਂ ਸੰਗਤਾਂ ਨੂੰ ਨਿਵਾਜਣ ਦੀ ਕਿਰਪਾਲਤਾ ਕਰਨ। ਦਿਲੀ ਅਖੰਡ ਕੀਰਤਨੀ ਜਥੇ ਦੀ ਮਨਜ਼ੂਰੀ ਲੈ ਲਈ ਗਈ ਹੈ।

ਦਾਸਰੇ—ਅਖੰਡ ਕੀਰਤਨੀ ਜਥਾ, ਜੈਪੁਰ

www.AKJ.Org

# ਗੁਰਮਤਿ ਪ੍ਰਚਾਰ ਦੌਰੇ
# ਦਾ
# ਵ ਰ ਨ ਣ

ਵਲੋਂ :

ਪ੍ਰਿੰਸੀਪਲ ਮੇਹਰ ਸਿੰਘ ਜੀ, ਡੇਹਰਾਦੂਨ

(ਲੜੀ ਜੋੜਨ ਲਈ 5 ਦਸੰਬਰ ਦਾ ਸੂਰਾ ਵੇਖੋ)

## ਮੇਰਠ ਵਿਚ :—

ਦੁਪਿਹਰ ਦੇ ਕਰੀਬ 2 ਵਜੇ ਯਾਤ੍ਰਾ-ਬਸ ਮੇਰਠ ਸ਼ੈਹਰ ਦੇ ਬਾਜ਼ਾਰਾਂ ਵਿਚ ਘੁਮਦੀ ਨਜ਼ਰ ਆਈ ਗੁਰਦੁਆਰਾ ਸਾਹਿਬ ਦੇ ਗੇਟ ਦੇ ਸਾਹਮਨੇ ਸਿੰਘਾਂ ਦੀ ਭੀੜ ਬੜੇ ਉਤਾਵਲੇ ਮਨ ਨਾਲ ਲਗੀ ਹੋਈ ਸੀ ਬਸ ਤੋਂ ਉਤਰਦਿਆਂ ਸਾਰ ਹੀ ਗੁਰਸਿਖਾਂ ਨੇ ਗੁਰਸਿਖਾਂ ਦੇ ਸਾਹਮਣੇ ਖੜੇ ਹੋ ਕੇ ਸਵਾਗਤੀ ਸ਼ਬਦ ਕੀਰਤਨ ਸ਼ੁਰੂ ਕੀਤੇ । ਬੜੇ ਚਾਅ ਤੇ ਮਲਾਰ ਨਾਲ ਦੋਹਾਂ ਪਾਸਿਆਂ ਦੇ ਸਿੰਘਾਂ ਨੇ ਦਰਸ਼ਨ ਕੀਤੇ ਕਰਾਇ। ਲੰਗਰ ਛਕਨ ਤੋਂ ਮਗਰੋਂ ਸਿੰਘਾਂ ਨੂੰ ਬਿਸ਼ਰਾਮ ਅਸਥਾਨ ਤੇ ਪਹੁਚਾਇਆ ਗਿਆ ਤੇ ਸ਼ਾਮ ਨੂੰ ਰੈਣ ਸਬਾਈ ਕੀਰਤਨ ਅਰੰਭ ਹੋਇਆ ਭਾਈ ਮਹਿੰਦਰ ਸਿੰਘ ਜੀ ਹਰਦ੍ਵਾਰ ਵਾਲਿਆਂ ਨੇ 'ਤਉ ਕਾਰਨ ਸਾਹਿਬਾ ਰੰਗ ਰਤੇ' ਦੇ ਸ਼ਬਦ ਕੀਰਤਨ ਬੜੀ ਰੰਗਨ ਨਾਲ ਸੰਗਤਾਂ ਨੂੰ ਨਿਹਾਲ ਕਿਤਾ ਬੀਬੀ ਕ੍ਰਿਪਾਲ ਕੌਰ ਤੇ ਹੋਰ ਬੀਬੀਆਂ ਨੇ ਵੀ ਕੀਰਤਨ ਵਿਚ ਹਿਸਾ ਪਾਇਆ ਭਾਈ ਮਹਿੰਦਰ ਸਿੰਘ ਜੀ ਨੇ ਉਹ ਰੰਗ ਬੰਨ੍ਹਿਆ ਕਿ ਸੰਗਤਾਂ ਨਿਹਾਲ ਨਿਹਾਲ ਹੋ ਗਈਆਂ । ਰੈਣ ਸਬਾਈ ਕੀਰਤਨ ਬੜੀ ਰੰਗਨ ਵਿਚ ਹੋਇ । ਮੇਰਠ ਸ਼ੈਹਰ ਦੀ ਇਤਨੀ ਸੰਗਤ ਸੀ ਕਿ ਵਡੇ ਸਾਰੇ ਹਾਲ ਤੋਂ ਬਾਹਰ ਵੀ ਗੁਰਸਿਖਾਂ ਦੇ ਬੈਠਨ ਦੇ ਨਾਲ ਸਾਰੀ ਜਗਾ ਭਰ ਗਈ ਸੇਵਾਦਾਰ ਸਿੰਘਾਂ ਨੇ ਵੀ ਰਾਤ ਭਰ ਸਾਰੀ ਸੰਗਤ ਦੀ ਕਾਫੀ ਸੇਵਾ ਕੀਤੀ । ਸਵੇਰੇ ਰੈਣ ਸਬਾਈ ਦੀ ਸਮਾਪਤੀ ਹੋਈ। ਉਸ ਦਿਨ ਸ਼ਾਮ ਦੇ ਕੀਰਤਨ ਹੋਣ ਮਗਰੇਂ ਅਗਲੇ ਦਿਨ ਸਵੇਰੇ 30 ਤਾਰੀਖ ਯਾਤ੍ਰਾ-ਬਸ ਮੇਰਠ ਦੀਆਂ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਗੁਰੂ ਆਸਰੇ ਹਰਿਦਵਾਰ ਵਲ ਰਵਾਨਾਂ ਹੋ ਗਈ।

## ਹਰਿਦੁਵਾਰ ਦਾ ਵਰਨਣ :—

ਹਰਿਦ੍ਵਾਰ ਵਾਲਿਆਂ ਸਿੰਘਾਂ ਨੂੰ ਹਰਿਦਵਾਰ ਦੇ ਕੀਰਤਨੀਏ ਭਾਈ ਮਹਿੰਦਰ ਸਿੰਘ ਜੀ ਪਹਿਲੇ ਹੀ ਚਿਠੀਆਂ ਦਵਾਰਾ ਰਸਤੇ ਤੋਂ ਤਜਰਬਾ ਲੈ ਕੇ ਸੂਚਨਾਵਾਂ ਘਲ ਦਿਤੀਆਂ ਹੋਈਆਂ ਸਨ ਕਿ ਇਸ ਪ੍ਰਕਾਰ ਪ੍ਰਬੰਧ ਕਰਨ। ਭਾ: ਸਾਹਿਬ ਹਰਚੰਦ ਸਿੰਘ ਜੀ ਤੇ ਮਹਿੰਦਰ ਪ੍ਰਤਾਪ ਸਿੰਘ ਜੀ ਜਿਹੜੇ ਕਿ ਹਰਦਵਾਰ ਦੀ ਸਥਾਨਿਕ ਸੰਗਤ ਦੇ ਮੁਖੀ ਪ੍ਰਬੰਧਕ ਸਨ ਅਤੇ ਜੋ ਪਹਿਲੋਂ ਹੀ ਸੁਚੱਜੇ ਢੰਗ ਨਾਲ ਪ੍ਰਬੰਧ ਕਰ ਰਹੇ ਸਨ ਹੋਰ ਵੀ ਸਤਰੱਗ ਹੋ ਗਏ ਤੇ ਉਨਾਂ ਨੇ ਪੰਡਾਲ ਦਾ ਤੇ ਲੰਗਰ ਦਾ ਪ੍ਰਬੰਧ ਹਰਿਦਵਾਰ ਦੇ ਨੌਜਵਾਨ ਗੁਰਸਿਖਾਂ ਦੀ ਮਦਦ ਨਾਲ ਬਹੁਤ ਹੀ ਸੁਚਜਾ ਕੀਤਾ । ਯਾਤ੍ਰਾ ਬਸ ਦੇ ਸਿੰਘਾਂ ਦੇ ਠਹਿਰਨ ਲਈ ਕਈ ਸਥਾਨਾਂ ਤੇ ਕਮਰੇ ਤੇ ਕਵਾਟਰ ਖਾਲੀ ਕਰਾ ਦਿਤੇ ਗਏ ਤਾਂ ਜੋ ਗੁਰਸਿਖ ਕਿਸੇ ਕਿਸਮ ਦੀ ਔਖਿਆਈ ਮਹਿਸੂਸ ਨਾ ਕਰਨ । ਇਹ ਉਨਾਂ ਦੇ ਦਿਲੀ ਪ੍ਰੇਮ ਤੇ ਉਤਸ਼ਾਹ ਦਾ ਨਮੂਨਾ ਸੀ। ਸਵਾਗਤੀ ਕੀਰਤਨ ਕਰਨ ਵੇਲੇ ਸਵਾਗਤ ਕਰਨ ਵਾਲਿਆਂ ਸਿੰਘਾਂ ਦੇ ਸਜਲ ਨੇਤ੍ਰ ਤੇ ਚਮਕਦੇ ਹੋਇ ਚਿਹਰੇ ਉਨ੍ਹਾਂ ਦੇ ਦਿਲੀ ਪ੍ਰੇਮ ਦਾ ਨਕਸ਼ਾ ਸੀ। ਉਨਾਂ ਵਲੋਂ ਸਜਾਇਆ ਹੋਇਆ ਲੰਗਰ ਵੀ ਖਾਸ ਅਨਭਵੀ ਨੌਜਵਾਨ ਅੰਮ੍ਰਿਤਧਾਰੀ ਸਿੰਘਾਂ ਦੇ ਰਾਹੀਂ ਹੋਇਆ ਉਥੋਂ ਦੀਆਂ ਸਾਰੀਆਂ ਬੀਬੀਆਂ ਜਿਨਾਂ ਨੇ ਲੰਗਰ ਤਿਆਰੀ ਵਿਚ ਹਿਸਾ ਲਿਆ ਦਸਤਾਰੇ ਸਜਾਨ ਵਾਲੀਆਂ ਸਨ ਲੰਗਰ ਦੀ ਤਿਆਰੀ ਸਮੇਂ ਸਭ ਸੇਵਾਦਾਰ ਆਪਸ 'ਚ ਰਸ ਭਰੇ ਤੇ ਮਿਠੇ ਬੋਲ ਬੋਲ ਕੇ ਤੇ ਖੰਡਾ ਖੜਕਾ ਕੇ ਲੰਗਰ ਦੇ ਸਥਾਨ ਦੇ ਵਾਤਾਵਰਨ ਨੂੰ ਪਵਿਤਰ ਕਰ ਰਹੇ ਸਨ । ਸ਼ਾਮ ਦੇ ਦੀਵਾਨ ਸਜੇ ਤੇ ਭਾਈ ਮਹਿੰਦਰ



www.AKJ.Org

ਸਿੰਘ ਪਟਿਆਲੇ ਵਾਲਿਆਂ ਨੇ ਆਪਣੇ ਨਾਲ ਭਾਈ ਮਹਿੰਦਰ ਸਿੰਘ ਜੀ ਹਰਦਵਾਰ ਵਾਲਿਆਂ ਨੂੰ ਦੂਜੇ ਵਾਜੇ ਤੇ ਬੈਠਾ ਕੇ ਖਾਸ ਰੰਗਨ ਵਿਚ ਕੀਰਤਨ ਕੀਤੇ। ਬੀਬੀ ਹਰਬੰਸ ਕੌਰ ਜੀ ਜੋ ਕਿ ਮੇਰਠ ਤੋਂ ਯਾਤਰਾ ਬਸ ਦੇ ਸਜਨਾਂ ਨਾਲ ਹੀ ਹਰਦਵਾਰ ਆ ਪਹੁੰਚੇ ਹੋਏ ਸਨ; ਨੇ ਬੜੇ ਪਿਆਰ ਤੇ ਅੰਦਰਲੀ ਰੰਗਨ ਨਾਲ ਸ਼ਬਦ ਕੀਰਤਨ ਕੀਤਾ, ਹੋਰ ਸਥਾਨਕ ਬੀਬੀਆਂ ਨੇ ਵੀ ਕੀਤੇ। ਉਸਤੋਂ ਮਗਰੋਂ ਦੀਵਾਨ ਦੀ ਸਮਾਪਤੀ ਹੋਈ। ਸਵੇਰੇ ਫੇਰ ਸ਼ਾਮ ਦੇ ਕੀਰਤਨ ਵਾਂਗੂ ਹਰਿਦਵਾਰ B.H.E.L. ਕਵਾਟਰਾਂ ਦੀਆਂ ਸੰਗਤਾਂ ਦੀ ਕਾਫ਼ੀ ਭੀੜ ਪੰਡਾਲ ਵਿਚ ਸੀ, ਜਿਸ ਤੋਂ ਇਹ ਜ਼ਾਹਰ ਹੋ ਰਿਹਾ ਸੀ ਕਿ ਇਥੋਂ ਦੇ ਲੋਕ ਵੀ ਕੀਰਤਨ ਦੇ ਆਸ਼ਕ ਹਨ ਕਿਉਂ ਜੋ ਕੀਰਤਨ ਆਰੰਭ ਤੋਂ ਲੈ ਕੇ ਸਮਾਪਤੀ ਤਕ ਇਕ ਸਜਨ ਵੀ ਆਪਣੀ ਥਾਂ ਤੋਂ ਨਹੀਂ ਸੀ ਹਿੱਲਿਆ। ਹਰਦਵਾਰ ਦੇ ਗੁਰਦਵਾਰਾ ਸਾਹਿਬ ਦੇ ਮੁਖ ਪ੍ਰਬੰਧਕ ਵਲੋਂ ਅੰਤ ਵਿਚ ਧੰਨਵਾਦੀ ਸ਼ਬਦ ਸੁਨਣ ਯੋਗ ਸਨ। ਪ੍ਰਬੰਧਕਾਂ ਨੇ ਐਸੇ ਸ਼ੁਭ ਅਵਸਰ ਵਾਸਤੇ ਯਾਤ੍ਰਾ-ਬਸ ਦੇ ਜਥੇਦਾਰ ਜੀ ਦਾ ਖਾਸ ਤੌਰ ਤੇ ਬੜੀ ਨਿਮਰਤਾ ਨਾਲ ਧੰਨਵਾਦ ਕੀਤਾ। ਗੁਰ ਸ਼ਬਦ ਕੀਰਤਨ ਦੇ ਹਰਦਵਾਰੀ ਭੌਰੇ ਬੜੀ ਸੰਖਿਆ ਵਿਚ ਸਕੂਟਰਾਂ ਤੇ ਬਸ ਰਾਹੀਂ ਯਾਤਰਾ-ਬਸ ਦੇ ਸਿੰਘਾਂ ਦੇ ਨਾਲ ਹੀ ਰੁੜਕੀ ਪਹੁੰਚੇ। ਛੋਟੇ ਛੋਟੇ ਨੌਜਵਾਨ ਹਰਦਵਾਰ ਦੇ ਸਿੰਘ ਸੇਵਾ ਦੀਆਂ ਚਲਦੀਆਂ ਫਿਰਦੀਆਂ ਮੂਰਤਾਂ ਸਨ। ਆਪਣੇ ਸੁਲਝੇ ਹੋਏ ਭਾਈ ਹਰਚੰਦ ਸਿੰਘ ਜੀ ਦੀ ਰਹਿਨੁਮਾਈ ਹੇਠਾਂ ਵੀਰ ਪ੍ਰਿਤਪਾਲ ਸਿੰਘ, ਅਮਰੀਕ ਸਿੰਘ, ਗੁਰਬਚਨ ਸਿੰਘ ਤੇ ਸੰਤਰਾ ਸਿੰਘ ਜੀ ਨੇ ਸਾਰੀ ਰਾਤ ਲੰਗਰ ਦੀ ਸੇਵਾ ਦੇ ਇਲਾਵਾ ਗੁਰਸਿਖਾਂ ਦੇ ਬਿਸਤਰੇ ਆਦਿ ਪਹੁੰਚਾਣ ਤੇ ਹੋਰ ਸੇਵਾ ਕਰਨ ਵਿਚ ਗੁਜ਼ਾਰੀ। ਹੋਰ ਵੀ ਸਿੰਘ ਗੁਰੂ ਦੀਆਂ ਹੋਰ ਖੁਸ਼ੀਆਂ ਪ੍ਰਾਪਤ ਕਰਨ ਲਈ ਰੁੜਕੀ ਪਹੁੰਚੇ। ਰਾਹ ਵਿਚ ਮਕਬਰਾ ਆਇਆ ਜਿਥੇ 'ਕਲੀਅਰ ਦਾ ਮੇਲਾ' ਲਗਦਾ ਹੈ। ਇਹ ਬਾਬਾ ਫਰੀਦ ਜੀ ਦੀ ਥਾਂ ਹੈ ਇਥੇ ਫਰੀਦ ਜੀ ਦੇ ਭਾਨਜੇ ਸਾਬਰ ਨੇ ਗੁਰੂ ਦੇ ਹੁਕਮ ਮੰਨਨ ਤੇ ਆਤਮਕ ਸ਼ਕਤੀ ਨੂੰ ਸੰਭਾਲਣ ਦਾ ਕਲਿਆਨ ਨਾਮੇ ਪਿੰਡ ਦੀ ਥਾਂ ਤੇ ਫਰੀਦ ਜੀ ਨੂੰ ਪੂਰਾ ਪੂਰਾ ਸਬੂਤ ਦਿਤਾ। ਇਹ ਅਸਥਾਨ ਵੀ ਆਤਮਕ ਸਿਖਿਆ ਦਾ ਅਸਥਾਨ ਹੈ।

## ਰੁੜਕੀ ਵਿਚ :—

ਰੁੜਕੀ ਹਰਦੁਵਾਰ ਤੋਂ 20 ਮੀਲ ਤੇ ਹੈ ਸੋ ਰੁੜਕੀ ਦੀਆਂ ਸੰਗਤਾਂ ਨੂੰ ਪਹਿਲੋਂ ਹੀ ਪਤਾ ਸੀ ਕਿ ਬਸ ਲੇਟ ਨਹੀਂ ਆ ਰਹੀ। ਜਦੋਂ ਬਸ ਗੁਰਦਵਾਰਾ ਸਿੰਘ ਸਭਾ ਦੇ ਸਾਹਮਣੇ ਪਹੁੰਚੀ, ਦੋਹਾਂ ਪਾਸਿਆਂ ਤੋਂ ਜੈਕਾਰਿਆਂ ਨਾਲ ਵਾਤਾਵਰਨ ਭਰਪੂਰ ਹੋ ਗਿਆ ਤੇ ਸਵਾਗਤੀ ਕੀਰਤਨ ਮਗਰੋਂ ਸਿੰਘਾਂ ਨੇ ਅਪਣਾ ਅਪਣਾ ਸਾਮਾਨ ਗੁਰਦਵਾਰਾ ਸਾਹਿਬ ਦੀ ਉਪਰਲੀ ਮੰਜ਼ਲ ਤੇ ਰਖਿਆ। ਸ਼ਾਮ ਦੇ ਕੀਰਤਨ ਅਰੰਭ ਹੋਇ ਤੇ ਕੀਰਤਨੀਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਕੀਰਤਨ-ਰਸ ਮਾਣ ਝੂਮ ਝੂਮ ਕੇ ਇਕ ਦੂਜੇ ਦੇ ਦਿਲਾਂ ਨਾਲ ਆਤਮਕ ਮੇਲ ਕਰਦੀਆਂ ਰਹੀਆਂ। ਕੀਰਤਨ ਵਰਖਾ ਵਿਚ ਗੁਰੂ ਕੇ ਲਾਲ ਭਾਈ ਮਹਿੰਦਰ ਸਿੰਘ ਜੀ ਪਟਿਆਲੇ ਵਾਲਿਆਂ ਦੇ ਪਿਛੇ ਬੋਲਣ ਵਾਲੇ ਪੰਜ ਛੇ ਸਿੰਘ ਤਾਂ 'ਪੀ ਪੀ ਚੜੇ ਸਹਿਜ ਘਰ ਜਾਏ' ਦੀ ਦਸ਼ਾ ਅਨਭਵ ਕਰ ਰਹੇ ਸਨ ਜਿਨ੍ਹਾਂ ਦੇ ਪਰਭਾਵ ਨਾਲ ਸਾਰੀ ਸੰਗਤ ਨੇ ਗੂੰਜਾਂ ਪਾ ਦਿਤੀਆਂ। ਰੁੜਕੀ ਦੀ ਸਿਖ ਸੰਗਤ ਆਨੰਦ ਪ੍ਰਾਪਤ ਕਰਕੇ ਸ਼ੁਕਰਾਨੇ ਵਿਚ ਆਈ ਤੇ ਅਰਦਾਸਾ ਹੋ ਕੇ ਕੀਰਤਨ ਸਮਾਪਤੀ ਮਗਰੋਂ ਸਿੰਘ ਨਿਵਾਸ ਅਸਥਾਨ ਤੇ ਚਲੇ ਗਏ। ਸਵੇਰੇ ਦੇ ਕੀਰਤਨ ਮਿਲਟਰੀ ਗੁਰਦਵਾਰਾ ਰੁੜਕੀ ਵਿਚ ਹੋਏ ਜਿਥੇ ਕਿ ਫੌਜੀ ਸਿੰਘਾਂ ਨੇ ਖਾਸ ਪਰੇਮ ਦਿਖਾਇਆ। ਉਸ ਗੁਰਦਵਾਰੇ ਵਿਚ ਸਵੇਰ ਕੀਰਤਨ 10 ਵਜੇ ਤਕ ਹੋਏ। ਅੰਤ ਵਿਚ ਜਥੇਦਾਰ ਜੀ ਨੇ ਸਿੰਘਾਂ ਦਾ ਧੰਨਵਾਦ ਕਰਦਿਆਂ ਹੋਇਆਂ ਫੌਜੀ ਸਿੰਘਾਂ ਕੋਲੋਂ ਗੁਰਦਵਾਰਾ ਸਿੰਘ ਸਭਾ ਰੁੜਕੀ ਵਲ ਵਾਪਸ ਜਾਣ ਲਈ ਆਗਿਆ ਮੰਗੀ। ਕੁਝ ਚਿਰ ਮਗਰੋਂ ਸਿੰਘ ਗੁਰਦਵਾਰਾ ਸਾਹਿਬ ਵਾਪਸ ਪਹੁੰਚ ਗਏ। ਦੁਪੈਹਰ ਦੇ ਲੰਗਰ ਮਗਰੋਂ ਜਥੇਦਾਰ ਨੇ ਐਲਾਨ ਕੀਤਾ 'ਕਿ ਸਿੰਘੋ ਚੂੰਕਿ ਸਾਡਾ ਅਗਲਾ



www.AKJ.Org

ਪੜਾਅ ਜਮਨਾ ਨਗਰ ਨਹੀਂ ਹੋਵੇਗਾ ਅਸੀਂ ਹੁਣ ਸਿਧੇ ਹੀ ਪਟਿਆਲੇ ਜਾ ਕੇ ਟੁਕਾਂਗੇ, ਸੋ ਜਿਹੜੇ ਸਿੰਘ ਇਥੋਂ ਆਪਣੇ ਘਰਾਂ ਵਲ ਛੇਤੀ ਪਹੁੰਚ ਸਕਦੇ ਹਨ ਤੇ ਹਰਦਵਾਰ ਯਾ ਮੇਰਠ ਦੇ ਸਿੰਘ ਵੀ ਇਹ ਸਾਰੇ ਯਾਤਰਾ ਦੀ ਸਮਾਪਤੀ ਸਮਝਦਿਆਂ ਹੋਇਆਂ ਫ਼ਤਹਿ ਗਜਾ ਕੇ ਤੇ ਯਾਤਰਾ-ਬਸ ਦੇ ਬਾਕੀ ਸਿੰਘਾਂ ਨੂੰ ਪਰੇਮ ਨਾਲ ਮਿਲਕੇ ਸਾਨੂੰ ਛੁਟੀਆਂ ਦੇਣ। ਬਸ ਉਸ ਸਮੇਂ ਕੀ ਸੀ ? ਸਾਰੇ ਸਿੰਘਾਂ ਦੇ ਅੰਦਰ ਵਿਜੋਗ ਦੀ ਜੁਵਾਲਾ ਭੜਕਣ ਲਗ ਪਈ। ਇਕ ਦੂਜੇ ਤੋਂ ਵਿਛੜਨ ਦੀ ਅੰਦਰਲੀ ਪੀੜਾ ਸਭ ਦੇ ਚੇਹਰਿਆਂ ਤੋਂ ਜ਼ਾਹਰ ਹੋਣ ਲਗੀ। ਇਕ ਦੂਜੇ ਨਾਲ ਅੰਤਮ ਤੇ ਵਿਜੋਗੀ ਸੰਦੇਸਾਂ ਦਾ ਵਟਾਂਦਰਾ ਹੋਇਆ। ਯਾਦਗਾਰ ਲਈ ਫੋਟੋ ਆਦਿ ਖਿਚੇ ਗਏ। ਪਰ ਸਿੰਘਾਂ ਦੀ ਅੰਦਰਲੀ ਵਿਛੋੜੇ ਦੀ ਅੱਗ ਹੋਰ ਵੀ ਭੜਕਨ ਲਗੀ। ਭੁਲਾਂ ਚੁਕਾਂ ਮਾਫ਼ ਦੀਆਂ ਆਵਾਜ਼ਾਂ ਹੋਰ ਉਚੀਆਂ ਹੁੰਦੀਆਂ ਗਈਆਂ। ਬਸ ਦੇ ਸਟਾਰਟ ਹੋਣ ਸਮੇਂ ਬਸ ਵਾਲਿਆਂ ਸਿੰਘਾਂ ਦੇ ਤੇ ਵਿਛੜਨ ਵਾਲਿਆਂ ਸਿੰਘਾਂ ਦੇ ਦਿਲਾਂ ਦੀ ਤੜਪ ਦਾ ਅਸਰ ਉਸ ਸਮੇਂ ਦੇ ਵਾਤਾਵਰਨ ਤੋਂ ਇਉਂ ਮਾਲੂਮ ਹੋਇਆ ਜਿਵੇਂ ਕਿ ਸਾਰੇ ਵਾਯੂ ਮੰਡਲ ਵਿਚ ਕੋਈ ਵਡੀ ਆਤਮਾਂ ਅਸ਼ੀਰਬਾਦ ਦੇਂਦੀ ਇਹ ਕਹਿ ਰਹੀ ਹੈ ਕਿ "ਸਫਲ ਸਫਲ ਸਫਲ ਭਈ ਯਾਤ੍ਰਾ, ਆਵਨ ਜਾਨ ਰਹੇ ਮਿਲਿ ਸਾਧਾ।" ਇਸ ਅੰਦਰੂਨੀ ਸੰਦੇਸੇ ਨੇ ਪਿਛੇ ਰਹਿ ਗਏ ਸਿੰਘਾਂ ਨੂੰ ਢਾਰਸ ਦਿਤੀ।

## ਪ੍ਰਚਾਰ ਦੌਰੇ ਦਾ ਸਿਟਾ ?

ਪਿਆਰੇ ਵੀਰੋ, ਸਿੰਘੋ ਤੇ ਯਾਤ੍ਰਾ-ਬਸ ਵਿਚ ਬੈਠ ਕੇ ਸੁਖ ਸਹਿਜ ਸੇਤੀ ਘਰ ਪਹੁੰਚਨ ਵਾਲਿਉ। ਦਾਸ ਦੀ ਤੁਛ ਬੁਧੀ ਅਨੁਸਾਰ ਇਹ ਬੇਨਤੀ ਹੈ ਕਿ ਦੌਰਾ ਖਤਮ ਕਰਕੇ ਤੇ ਘਰੇ ਵਾਪਸ ਆ ਕੇ ਫਿਰ ਤੇਲੀ ਦੇ ਬੈਲ ਵਾਂਙੂ ਉਨ੍ਹਾਂ ਹੀ ਕਾਰ ਵਿਹਾਰਾਂ ਵਿਚ ਰੁਝਦਿਆਂ ਹੋਇਆਂ ਵੀ ਆਪ ਜੀ ਨੂੰ ਇਕ ਗਲ ਨਹੀਂ ਭੁਲਨੀ ਚਾਹੀਦੀ, ਉਹ ਇਹ ਹੈ ਕਿ ਜਿੰਨੀ ਕੁ ਆਪ ਸਾਨੂੰ ਸਭਨਾਂ ਨੂੰ ਗੁਰੂ ਕ੍ਰਿਪਾ ਯਾਤ੍ਰਾ ਕਾਰਨ ਹੋਈ ਹੈ ਉਸਦਾ ਸ਼ੁਕਰਾਨਾ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਉਸ ਦਾ ਤ੍ਰੀਕਾ ਦਾਸ ਦੀ ਤੁਛ ਬੁਧੀ ਅਨੁਸਾਰ ਇਹ ਹੈ ਕਿ ਜਿਤਨੇ ਵੀ ਯਾਤ੍ਰਾ ਬਸ ਦੇ ਸਿੰਘ ਸਿੰਘਣੀਆਂ ਹਨ ਉਨਾਂ ਵਿਚੋਂ ਹਰ ਇਕ ਆਪਣੇ ਵਲੋਂ ਇਕ ਸਿਖ ਯਾ ਇਕ ਸਿੰਘਨੀ ਯਾ ਇਕ ਸਿਖ ਬਚੇ ਯਾ ਇਕ ਸਿਖ ਬਚੀ ਨੂੰ ੳ, ਅ ੲ ਤੋਂ ਲੈ ਕੇ ਮਹਾਰਾਜ ਜੀ ਦੀ ਚਰਨੀਂ ਲਗਨ ਤਕ ਗੁਰਮੁਖੀ ਪੜਨਾ ਸਿਖਾਏ। ਇਹੋ ਹੀ ਸਿਖੀ-ਹਜ ਦਾ ਉਦੇਸ਼ ਹੈ ਕਿ 'ਦੀਵੇ ਨਾਲ ਦੀਵਾ' ਜਗੇ। ਜੇ ਇਹ ਦਾਸ ਦੀ ਬੇਨਤੀ ਤੇ ਸਲਾਹ ਗੁਰਸਿਖਾਂ ਨੂੰ ਮਨਜ਼ੂਰ ਹੋਵੇ ਤਾਂ ਇਹ ਸਾਡੇ ਲਈ ਮੁਸ਼ਕਲ ਗਲ ਨਹੀਂ। ਇਸ ਨਾਲ ਕੁਝ ਕੁ ਕਰਜ਼ਾ ਸਾਡੇ ਸਿਰਾਂ ਤੋਂ ਉਤਰ ਸਕਦਾ ਹੈ। ਉਪਰੋਂ ਤਾਂ ਇਹ ਕੰਮ ਮੁਸ਼ਕਲ ਨਜ਼ਰ ਆਉਂਦਾ ਹੈ ਪਰ ਅਰਦਾਸਾ ਕਰਕੇ ਜੇ ਕੋਈ ਸਿੰਘ ਸ਼ੁਰੂ ਕਰ ਦੇਵੇ ਤਾਂ ਗੁਰੂ ਦੀ ਕ੍ਰਿਪਾ ਨਾਲ ਇਹ ਬੜਾ ਹੀ ਸੌਖਾ ਹੋ ਜਾਵੇਗਾ। ਹੋਰ ਇਹ ਵੀ ਬੇਨਤੀ ਹੈ ਕਿ ਯਾ ਦੋ ਨੌਜਵਾਨਾਂ ਨੂੰ ਜੇਹੜੇ ਕਿ ਕੁਝ ਉਖੜੇ ਹੋਏ ਹੋਣ, ਪਰੇਰਨਾ ਕਰ ਕੇ ਆਪ ਉਹਨਾਂ ਨੂੰ ਅੰਮ੍ਰਿਤ ਸੰਚਾਰ ਦੇ ਕਾਬਲ ਬਨਾ ਕੇ ਜਹਾਜ਼ ਚੜਾਉ। ਜੇ ਇਹ ਦੋਵੇਂ ਚੀਜ਼ਾਂ ਔਖੀਆਂ ਲਗਨ ਤਾਂ ਆਪਣੇ ਘਰ ਆਪ ਇਕ ਵਾਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਰਾਜ ਦਾ ਪੂਰਾ ਪਾਠ ਕਰੋ।

ਹਰ ਇਕ ਕੀਰਤਨੀਆ ਸਿੰਘ ਯਾ ਸਿੰਘਣੀ ਜੇ ਹੋਰ ਵੀ ਸੋਹਣੀ ਸੇਵਾ ਕਰਨਾ ਚਾਹੇ ਤੇ ਇਕ ਸਿੰਘ ਬਚੇ ਯਾ ਬਚੀ, ਨੌਜਵਾਨ ਨੂੰ ਯਾ ਵਡੀ ਉਮਰ ਦੇ ਨੂੰ ਕੀਰਤਣ ਦੇ ਘਟ ਤੋਂ ਘਟ 15 ਸ਼ਬਦ ਲਿਖਾਇ ਜਿਸ ਮਗਰੋਂ ਉਹ ਆਪ ਕੀਰਤਨ ਕਰਨ ਦੇ ਕਾਬਲ ਹੋ ਜਾਵੇ ਤੇ ਅੰਤ ਵਿਚ ਇਕ ਚੌਂਕੀ ਕੀਰਤਨ ਦੀ ਉਸ ਸਿਖੇ ਹੋਏ ਸਜਨ ਕੋਲੋਂ ਆਪਣੇ ਸਾਹਮਣੇ ਕਰਵਾਇ। ਇਹ ਹੈ ਸਿਖੀ ਪ੍ਰੇਮ ਤੇ ਸ਼ੁਕਰਾਨੇ ਦਾ ਸਬੂਤ-ਸਿੰਘੋ ਹਿੰਮਤ ਕਰੋ ਤੇ ਇਹ ਵੀ ਸੇਵਾ ਕਰੋ।

ਗੁਰਸਿਖ ਵੀਰੋ, ਸਜਨੋਂ ਤੇ ਸ਼ਰਧਾਵਾਨੋ ਸਾਡੇ ਪ੍ਰਚਾਰ ਦੌਰੇ ਤੇ ਜਾਣ ਦਾ ਸਾਡੇ ਆਪਣੇ ਦਿਲਾਂ ਤੇ ਕੁਝ ਅਸਰ ਹੋਣ ਦਾ ਸਬੂਤ ਤਾਂ ਹੀ ਉਘੜ ਸਕਦਾ*



www.AKJ.Org

# ਸੇਖਵਾਂ (ਜ਼ਿ: ਸਿਆਲਕੋਟ) ਨਿਵਾਸੀ ਸੰਤ ਸਰੂਪ ਡਾ: ਬਸੰਤ ਸਿੰਘ ਜੀ

ਵਲੋਂ :
ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ

*

ਸਾਡੇ ਜੇਲ੍ਹ ਗਏ ਪਿਛੋਂ ਡਾ: ਬਸੰਤ ਸਿੰਘ ਜੀ ਨੇ ਛੋਟੀ ਹੀ ਉਮਰ ਵਿਚ ਜਥੇ ਨਾਲ ਸਬੰਧਤ, ਬਾਰ ਨਿਵਾਸੀ ਗੁਰਮੁਖ ਵੀਰਾਂ ਪਾਸੋਂ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਸਾਰ ਹੀ ਤਿਆਰ-ਬਰ-ਤਿਆਰ ਸਜ ਗਏ। ਬਹੁਤਾ ਲਾਇਲਪੁਰ ਦੀ ਬਾਰ ਵਿਚ ਹੀ ਵਿਚਰਿਆ ਕਰਦੇ ਸਨ। ਸਮੂਹ ਜਥੇ ਨਾਲ ਇਹਨਾਂ ਦਾ ਬੜਾ ਗੂੜ੍ਹਾ ਪਿਆਰ ਸੀ। ਦਾਸ ਦੇ ਨਾਲ ਤਾਂ ਇਸ ਵੀਰ ਦਾ ਅਣਡਿਠਾ ਹੀ ਪ੍ਰੇਮ ਪਿਆਰ ਐਸੇ ਗਹਿ ਗਚੇ ਪੇਚਾਂ ਵਾਲਾ ਪੈ ਗਿਆ ਸੀ ਕਿ ਕਥਨ ਕਹਿਣ ਤੋਂ ਬਾਹਰਾ ਹੈ। ਸੋਆਂ ਸੁਣ ਸੁਣ ਕੇ ਹੀ ਸ਼ੈਦਾਈ ਹੋ ਗਏ ਸਨ, ਸਰੀਰ ਕਰਕੇ ਮੈਨੂੰ ਅਜੇ ਡਿਠਾ ਹੀ ਨਹੀਂ ਸੀ ਕਿ ਮੇਰੇ ਅਣਡਿਠੇ ਵਜੂਦ ਨਾਲ ਇਹਨਾਂ ਦੀ ਬਗੈਰ ਅਨੁਮਾਨੀ ਹੀ ਸੰਧੀ ਜੁੜ ਗਈ ਸੀ, ਜੁੜੀ ਵੀ ਐਸੀ ਕਿ ਦਿਨੇ ਰਾਤ ਮੇਰੇ ਮਿਲਾਪ ਦੇ ਹੀ ਸੁਪਨੇ ਇਸ ਨੂੰ ਆਉਂਦੇ ਰਹਿਣ।

---

*ਹੈ ਜੇ ਅਸੀਂ ਘਰ ਆ ਕੇ ਵੀ ਉਸੇ ਉਦੇਸ਼ ਨੂੰ ਆਪਣੇ ਮਨਾਂ ਵਿਚ ਯਾਦ ਰਖੀਏ ਤੇ 'ਦੀਵੇ ਨਾਲ ਦੀਵਾ ਜਗਾਨ' ਦੇ ਮੁਤਾਬਕ ਜਿੰਨੀ ਕੁ ਸਾਡੇ ਤੇ ਗੁਰੂ ਦੀ ਕ੍ਰਿਪਾ ਹੈ ਉਸ ਨੂੰ ਆਉਣ ਵਾਲੀ ਸਿਖ ਪਨੀਰੀ ਨੂੰ ਸੁਚਜੇ ਢੰਗ ਨਾਲ ਦਈਏ। ਨਹੀਂ ਤਾਂ ਸਾਡੀ ਪ੍ਰਚਾਰ ਯਾਤਰਾ ਸਾਡੇ ਲਈ ਇਕ ਬਤੌਰ ਸੈਰ ਹੀ ਬਣ ਕੇ ਰਹਿ ਜਾਵੇਗੀ। ਸੋ ਸਾਵਧਾਨ !

ਗੁਰਮੁਖੋ ਜੇ ਅਸੀਂ ਕੁਝ ਵੀ ਨਹੀਂ ਕਰ ਸਕਦੇ ਤਾਂ ਘਟ ਤੋਂ ਘਟ ਆਪਣਾ ਅਮਲੀ ਜੀਵਨ ਹੀ ਸੁਚਜਾ ਬਣਾ ਕੇ ਆਉਣ ਵਾਲੇ ਸਿਖ-ਸਮਾਜ ਲਈ ਕੁਝ ਰਹਿਨੁਮਾਈ ਕਰੀਏ। ਤਾਂ ਫਿਰ ਹੀ ਅਸੀਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਾਂ ਵੀਰੋ ! ਭੁਲਾ ਚੁਕਾਂ ਮਾਫ।

ਜੂਨ 1923 ਵਿਚ ਸ੍ਰੀ ਅੰਮ੍ਰਿਤ ਸਰੋਵਰ ਦੇ ਤਾਲਾਬ ਦੀ ਜਦੋਂ ਕਾਰ ਸੇਵਾ ਹੋਈ ਹੈ, ਓਦੋਂ ਅਸੀਂ ਤਾਂ ਜੇਲ੍ਹਾਂ ਅੰਦਰ ਹੀ ਡਕੇ ਹੋਏ ਸਾਂ। ਸਮੂਹ ਜਥੇ ਨੇ ਜੁੜ ਕੇ ਅਤੇ ਸੈਂਕੜਿਆਂ ਦੀ ਤਾਦਾਦ ਵਿਚ ਸ੍ਰੀ ਅੰਮ੍ਰਿਤਸਰ ਪੁਜ ਕੇ ਦਾਸ ਨਮਿਤ ਕਾਰ ਸੇਵਾ ਦਾ ਸਰਦਾ ਵਰਦਾ ਸ਼ਰਧਾ ਪੂਰਤ ਅਰਦਾਸਾ ਸੋਧਿਆ। ਮੈਨੂੰ ਦਸਣ ਵਾਲੇ ਦਸਦੇ ਹਨ (ਜੋ ਕਿ ਉਸ ਕਾਰ ਸੇਵਾ ਵਿਚ ਨਾਲ ਸਨ) ਖਾਸ ਕਰ ਗੁਰਮੁਖ ਪਿਆਰੇ ਵੀਰ ਭਾਈ ਮਲ ਸਿੰਘ ਜੀ ਅਤੇ ਨਿਜ ਸੁਪਤਨੀ ਸ੍ਰੀਮਤੀ ਕਰਤਾਰ ਕੌਰ ਦੀ ਜ਼ਬਾਨੀ ਜੋ ਕੁਝ ਸੁਣਿਆ ਅਤੇ ਉਹਨਾਂ ਨੇ ਦਸਿਆ ਉਹ ਪਥਰ ਤੇ ਲਕੀਰ ਵਾਂਗੂ ਮੇਰੇ ਹਿਰਦੇ ਤੇ ਉਕਰਿਆ ਹੋਇਆ ਹੈ। ਉਹ ਦਸਦੇ ਹਨ ਕਿ ਲਾਇਲਪੁਰ ਦੀ ਬਾਰ ਵਾਲਾ ਜਥਾ ਵੀ ਉਸ ਸਮੇਂ ਅਣ-ਗਿਣਤ ਗਿਣਤੀ ਵਿਚ ਕਾਰ ਸੇਵਾ ਸਮਾਗਮ ਤੇ ਆਇਆ ਹੋਇਆ ਸੀ। ਉਹ ਵੀ ਉਸ ਸੇਵਾ ਵਿਚ ਸ਼ਾਮਲ ਹੋਏ। ਅਰਦਾਸਾ ਸਮੂਹ ਸੰਗਤ ਦੀ ਆਗਿਆ ਅਨੁਸਾਰ ਮੋਗੇ ਵਾਲੇ ਗੁਰਮੁਖ ਵੀਰ ਭਾਈ ਆਤਮਾ ਸਿੰਘ ਜੀ ਵਲੋਂ ਸੋਧਿਆ ਗਿਆ ਅਰਦਾਸੇ ਵਿਚਕਾਰ ਜਦੋਂ ਦਾਸ ਦਾ ਜ਼ਿਕਰ ਆਇਆ, ਤਾਂ ਇਹ ਨਵਯੁਵਕ ਵੀਰ ਡਾਕਟਰ ਬਸੰਤ ਸਿੰਘ ਮੂਰਛਤ ਹੋ ਕੇ ਡਿਗ ਪਿਆ। ਬਿਸਮਲ ਦੀ ਦਸ਼ਾ ਇਸ ਉਤੇ ਤਾਰੀ ਹੋ ਗਈ। ਅਰਦਾਸਾ ਸਮਾਪਤ ਹੋਣ ਪਿਛੋਂ ਇਸਨੂੰ ਸਾਵਧਾਨ ਕੀਤਾ ਗਿਆ। ਬਸ ਉਸ ਘੜੀ ਤੋਂ ਇਸ ਵੀਰਤ ਦੀ ਐਸੀ ਪੀਡੀ ਪ੍ਰੇਮ ਗੰਢ ਇਸ ਅਣਡਿਠੇ ਵਜੂਦ ਨਾਲ ਪੈ ਗਈ ਕਿ ਮੁੜ ਵੱਟੀ ਨਹੀਂ 'ਤੋਰੀ ਨ ਤੂਟੈ ਛੋਰੀ ਨ ਛੂਟੈ' ਵਾਲੀ ਗਲ ਹੋ ਗਈ। ਮੇਰੇ ਜੇਹਲੋਂ ਬਾਹਰ ਆਵਣ ਦੀ ਉਮੈਦ ਵਿਚ ਜਿਤਨੇ



www.AKJ.Org

ਵੀ ਅਖੰਡ ਪਾਠ ਜਥੇ ਵਲੋਂ ਹੁੰਦੇ ਰਹੇ, ਲਗ ਪਗ ਉਹਨਾਂ ਸਾਰੇ ਸਮਾਗਮਾਂ ਵਿਚ ਹੀ ਇਹ ਵੀਰੜਾ ਸ਼ਾਮਲ ਹੁੰਦਾ ਰਿਹਾ। ਗੁਪਤੀ ਅਰਦਾਸਾਂ ਮੈਂਡੇ ਮਿਲਣ ਦੀਆਂ ਹਰਦਮ ਕਰਦਾ ਹੀ ਰਹਿੰਦਾ ਸੀ। ਓੜਕ ਉਹ ਦਿਨ ਆ ਗਏ ਕਿ ੧੯੩੦ ਸੰਨ ਵਿਚ ਮੇਰੀ ਬਦਲੀ ਨਾਗਪੁਰ ਦੀ ਜੇਹਲ ਤੋਂ ਇਕ ਦਮ ਲਾਹੌਰ ਸੈਂਟਰਲ ਜੇਹਲ ਵਿਚ ਹੋ ਗਈ, ਲਾਇਲਪੁਰ ਬਾਰ ਵਿਚ ਬੈਠੇ ਡਾ: ਵੀਰੜੇ ਬਸੰਤ ਸਿੰਘ ਜੀ ਨੂੰ ਪੱਕਾ ਯਕੀਨ ਹੋ ਗਿਆ ਕਿ ਹੁਣ ਮੇਲੇ ਹੋਣੇ ਅਵੱਸ਼ ਨੇੜੇ ਹੀ ਹਨ। ਮੇਰੇ ਰਿਹਾ ਹੋ ਕੇ ਜੇਲੋਂ ਬਾਹਰ ਆਉਣ ਦੀਆਂ ਉਡੀਕਾਂ ਕੌਣ ਕਰੇ ਵੀਰ ਬਸੰਤ ਸਿੰਘ ਦੇ ਸਬਰ ਦਾ ਪਿਆਲਾ ਲਬਰੇਜ਼ ਹੋ ਗਿਆ। ਅਰਦਾਸਾ ਸੋਧਿਆ ਕਿ ਮੈਂ ਛੇਤੀ ਜੇਲ੍ਹ ਵਿਚ ਖੁਦ ਜਾ ਮਿਲਾਂ। ਉਨ੍ਹੀਂ ਦਿਨੀਂ ਅੰਗਰੇਜ਼ੀ ਗੌਰਮਿੰਟ ਦੇ ਬਰਖਿਲਾਫ ਅਕਾਲੀਆਂ ਦੀ ਅਤੇ ਕਾਂਗਰਸ ਦੀ ਅਤੇ ਕਾਂਗਰਸ ਦੀ ਸਮਿਲਤ ਲਹਿਰ ਬੜੇ ਜ਼ੋਰਾਂ ਤੇ ਸੀ। ਐਸੀ ਸੁਤੇ ਬਿਧ ਬਣੀ ਕਿ ਇਕ ਕਾਂਗਰਸੀ ਅਕਾਲੀ ਮਿਸਰਤ ਸਮਾਗਮ ਵਿਚ ਇਸ ਵੀਰੜੇ ਡਾਕਟਰ ਨੇ ਬੇਸੁਧੇ ਹੋ ਕੇ ਐਵੇਂ ਅਟਕਲ ਪਚੂ ਹੀ ਜਾ ਲੈਕਚਰ ਦਿਤਾ। ਉਸ ਲੈਕਚਰ ਦੇ ਕਾਰਨ ਗੌਰਮਿੰਟ ਨੇ ਅੰਨ੍ਹੇਵਾਹ ਹੀ ਇਸ ਵੀਰੜੇ ਨੂੰ ਗ੍ਰਿਫਤਾਰ ਕਰ ਲਿਆ ਅਤੇ ਛੇ ਮਹੀਨੇ ਦੀ ਸਜ਼ਾ ਦੇ ਕੇ ਜੇਲ੍ਹ ਡਕ ਦਿਤਾ। ਸਤਿਗੁਰੂ ਦੀ ਨੇਤ ਐਸੀ ਹੋਈ ਕਿ ਗ੍ਰਿਫਤਾਰ ਹੋਣ ਸਾਰ ਹੀ ਵੀਰੜੇ ਬਸੰਤ ਸਿੰਘ ਜੀ ਦਾ ਚਲਾਣ ਸੈਂਟਰਲ ਜੇਲ੍ਹ ਲਹੌਰ ਵਿਚ ਹੀ ਆ ਹੋਇਆ। ਸੈਂਟਰਲ ਜੇਲ੍ਹ ਦੇ ਜਿਸ ਵਾਰਡ ਵਿਚ ਅਸੀਂ ਸਾਰੇ ਪੁਲੀਟੀਕਲ ਕੈਦੀ ਬੰਦ ਕੀਤੇ ਹੋਏ ਸੀ ਉਸੇ ਵਾਰਡ ਵਿਚ ਹੀ ਇਸ ਵੀਰੜੇ ਨੂੰ ਦਾਖ਼ਲ ਕਰ ਦਿਤਾ। ਵੀਰ ਬਸੰਤ ਸਿੰਘ ਜੀ ਦੀਆਂ ਖੁਸ਼ੀਆਂ ਦੀ ਹੱਦ ਕੋਈ ਨ ਰਹੀ। ਧਾਈ ਕਰਕੇ ਆਇਆ, ਅਤੇ ਆਉਂਦਾ ਹੀ ਧਾ ਕੇ ਮੇਰੇ ਖੁਰੜਿਆਂ ਤੇ ਡਿਗਾ। ਮੈਨੂੰ ਪਤਾ ਹੀ ਨ ਕਿ ਇਹ ਵੀਰ ਕੌਣ ਹੈ। ਮੇਰੇ ਪ੍ਰੇਮ ਸਾਥੀਅੜ, ਜੇਲ ਨਿਵਾਸਾਂ ਦੇ ਹਰ ਦਮ ਸਾਥੀਅੜੇ ਵੀਰ ਭਾਈ ਕਰਤਾਰ ਸਿੰਘ ਕੈਨੇਡੀਅਨ ਨੇ ਬੜੀਆਂ ਮੁਸ਼ਕਲਾਂ ਨਾਲ, ਪ੍ਰੰਤੂ ਬੜੇ ਪਿਆਰ ਹਿਤਕਾਰ ਨਾਲ ਜੱਫਾ ਪਾਕੇ ਇਸ ਮੇਰੇ ਖੁਰੜਿਆਂ ਤੇ ਢਠੜੇ, ਮੇਰੇ ਅਣਡਿਠੇ ਵੀਰ ਨੂੰ ਚੁਕ ਕੇ ਸਾਵਧਾਨ ਕੀਤਾ। ਚੁਕੇ ਵੀਰ ਦਾ ਚਿਹਰਾ ਜਦੋਂ ਸਾਡੇ ਸਨਮੁਖ ਸਾਗੋ ਪਾਂਗ ਹੋਇਆ, ਤਾਂ ਅਸੀਂ ਪੇਖਣ ਸਾਰ ਹੀ ਪਛਾਣ ਲਿਆ ਕਿ ਇਹ ਕੋਈ ਚਿਰਾਂ ਦਾ ਵਿਛੜਿਆ ਹੋਇਆ ਅਰੂੜਾ ਆਪਣੇ ਜਥੇ ਵਿਚੇ ਹੀ ਹੈ। ਕੇਵਲ ਇਤਨੀ ਪਛਾਣ ਹੀ ਉਸ ਸਮੇਂ ਹੋਈ ਫੇਰ ਤਾਂ ਜਦੋਂ ਇਸ ਵੀਰੜੇ ਨ ਨਿਜ ਸਿਰਬੀਤੀ ਵਾਰਤਾ ਵਰਨਣ ਕੀਤੀ ਤਾਂ ਪਰਸਪਰ ਪਰਲੇ ਦਰਜੇ ਦੀ ਪ੍ਰਸੰਨਤਾ ਪ੍ਰਾਪਤ ਹੋਈ। ਐਸੇ ਜੁੜੇ ਜੁੜ ਕੇ ਇਕ ਮਿਕ ਹੋ ਗਏ। ਗੁਰਮਤਿ ਇਕ, ਅਸੂਲ ਇਕ, ਇਕੋ ਆਸ਼ਾ ਇਸਟ ਉਪਾਸ਼ਨਾ, ਇਕੋ ਹੀ ਮਾਰਗ ਦੇ ਪਾਂਧੀ, ਇਕੋ ਹੀ ਇਸ਼ਕ ਹਕੀਕੀ ਦੇ ਆਸ਼ਕ, ਕੈਸੇ ਇਕੱਠ ਹੋਏ, ਕੈਸੇ ਅਗੰਮੀ ਮੇਲ ਮਿਲਾਉਣੀ ਵਿਚ ਮਿਲੇ ਕਿ ਬਸ ਫੇਰ ਮਿਲੇ ਹੀ ਰਹੇ। ਮੈਂ ਤਾਂ ਭਾਣੇ ਅੰਦਰ ਦੋ ਚਾਰ ਮਹੀਨੇ ਪਿਛੋਂ ਜੇਲ੍ਹੋਂ ਰਿਹਾ, 6 ਮਹੀਨੇ ਦੀ ਕੈਦ ਪੂਰੇ ਹੋਣ ਪੁਰ ਇਹ ਵੀ ਬਾਹਰ ਆ ਗਿਆ, ਐਸਾ ਆਇਆ ਤੇ ਆ ਕੇ ਸਾਡੇ ਸੰਗ ਰਹਾਇਆ ਕਿ ਫਿਰ ਦੂਰ ਹੋਇਆ ਹੀ ਨਹੀਂ। ਜਿਤਨੇ ਵੀ ਸਤਸੰਗ ਸਮਾਗਮ ਜੁੜੇ ਤਿਨ੍ਹਾਂ ਵਿਚ ਇਹ ਵੀਰੜਾ ਖਾਸ ਸਮਾਗਮੀਆਂ ਵਿਚੋਂ ਇਕ ਸੀ। ਛੋਟੀ ਜਿਹੀ ਉਮਰ, ਅਜੇ ਦਾੜ੍ਹਾ ਉਤਰਿਆ ਨਹੀਂ ਸੀ ਪਰ ਪ੍ਰੇਮ ਦਾ ਪਲੀਤਾ ਇਸ ਦੇ ਘਟ ਅੰਦਰ ਐਸਾ ਦਗਿਆ ਕਿ ਅਠੇ ਪਹਿਰ ਪ੍ਰੇਮ ਹਵਾਈ ਵਾਯੂ ਮੰਡਲ ਵਿਚ ਹੀ ਗਲਤਾਨ ਰਹੇ। ਘਰ ਜਾਣ ਦੀ, ਆਪਣੇ ਸੰਸਾਰੀ ਪ੍ਰਵਾਰ ਕੁਟੰਬ ਵਿਚ ਰਹਿਣ ਦੀ ਕੋਈ ਸੁਰਤ ਸੰਮਾਲ ਹੀ ਨ ਰਹੀ, ਗੁਰਮਤਿ ਅਸੂਲਾਂ ਵਿਚ ਅਤੇ ਗੁਰੂ ਦਸਮੇਸ਼ ਦ੍ਰਿੜਾਈ ਰਹਿਤ ਰਹਿਣੀ ਵਿਚ ਐਸਾ ਪਰਪੱਕ ਗੁਰਮੁਖ ਜੀਵੜਾ ਵਿਰਲਾ ਹੀ ਵੇਖਣਾ ਹੈ। ਨਿਕੜੀ ਆਰਬਲਾ ਦੇ ਗੁਰਮਤਿ ਗੁਣ ਅਤਿ ਵਡੇਰੜੇ ਜਿਵੇਂ ਅਜ਼ਲ ਤੋਂ ਹੀ ਕੁਟ ਕੁਟ ਕੇ ਇਸ ਦੀ ਕ੍ਰਾਂਤ ਵਿਚ ਭਰੇ ਹੋਏ ਸਨ ਅਤੇ ਗੁਰਮਤਿ ਕ੍ਰਾਂਤ ਅਭਿਆਸ ਦਾ ਡਾਢਾ ਧਨੀ ਸੀ, ਆਤਮ ਕਣੀ ਇਸ ਨੰਨ੍ਹੀ



www.AKJ.Org

ਜਿਹੀ ਜਿੰਦੜੀ ਦੇ ਰਗੋ-ਰੇਸ਼ੇ ਵਿਚ ਸਮਾਈ ਹੋਈ ਸੀ।

ਸਿਵਾਏ ਸਤਸੰਗ ਰੰਗਾਂ ਦੇ ਅਤੇ ਨਾਮ ਤਰੰਗਾਂ ਦੇ, ਹੋਰ ਕੋਈ ਰੰਗ ਤਰੰਗ ਇਸ ਦੇ ਨੇੜੇ ਕਦੇ ਨਹੀਂ ਢੁਕਿਆ। ਸ੍ਰੀ ਤਰਨ ਤਾਰਨ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਸਾਡੇ ਜੇਹਲੋਂ ਬਾਹਰ ਆਉਣ ਸਮੇਂ ਹੀ ੧੯੩੧ ਵਿਚ ਹੋਈ ਹੈ। ਉਸ ਕਾਰ ਸੇਵਾ ਦੇ ਸਮਾਗਮ ਉਤੇ ਇਸ ਕੀਰਤਨੀ ਜਥੇ ਦੇ ਸੰਮੂਹ ਸਜਣ ਢੁਕ ਢੁਕ ਕੇ ਆ ਜੁੜੇ ਹੋਏ ਸਨ। ਜਿਨ੍ਹਾਂ ਵਿਚ ਡਾਕਟਰ ਵੀਰੜਾ ਬਸੰਤ ਸਿੰਘ ਭੀ ਨਵੀਨ ਚੰਦ ਦੇ ਚੜ੍ਹਨ ਵਾਂਗੂ ਚਮਕਦਾ ਦਮਕਦਾ ਹੀ ਜਥੇ ਵਿਚ ਨਜ਼ਰੀਂ ਆਉਂਦਾ ਸੀ, ਹਰ ਛਿਨ ਹਰ ਘੜੀ ਪ੍ਰੇਮ ਮਗਨਤਾ ਵਿਚ ਹੀ ਮਗਨ ਦਿਸਦਾ ਸੀ। ਕਿਸੇ ਨਾਲ ਗਲ ਨਹੀਂ, ਕਿਸੇ ਨਾਲ ਵਾਦ ਵਿਵਾਦ ਨਹੀਂ, ਕਿਸੇ ਨਾਲ ਹੋਰ ਕੋਈ ਵਾਸਤਾ ਨਹੀਂ, ਕੇਵਲ ਇਕੋ ਲਿਵ ਪ੍ਰਮਾਰਥ ਪ੍ਰੇਮ ਦੀ ਇਹਨੂੰ ਹਰਦਮ ਲਗੀ ਰਹਿੰਦੀ ਸੀ। ਨਿਸ਼ਕਾਮ ਸੇਵਾ ਦਾ ਮਾਦਾ ਇਸ ਸਾਦਾ ਲੋਹ ਯੁਵਕੜੇ ਦੇ ਰੋਮ ਰੋਮ ਅੰਦਰ ਅਜ਼ਗੈਬੋਂ ਹੀ ਭਰਿਆ ਹੋਇਆ ਸੀ। ਇਸ ਕਾਰ ਸੇਵਾ ਸਮਾਗਮ ਉਤੇ ਸਾਰੀ ਜੁੜੀ ਸੰਗਤ ਦੀ ਇਸ ਸੇਵਾ ਪੁੰਜ ਵੀਰੜੇ ਨੇ ਯਥਾ ਸ਼ਕਤਿ ਰਜ ਪੁਜ ਕੇ ਸੇਵਾ ਕੀਤੀ, ਲਗਾਤਾਰ ਜਥੇ ਦੇ ਨਾਲ ਹੀ ਸਾਰਿਆਂ ਸਮਾਗਮਾਂ ਤੇ ਰਿਹਾ ਕਰੇ ਆਪਣੇ ਨਿਜ ਸੰਸਾਰਕ ਘਰ ਬਾਰ ਦੀ ਸਾਰ ਹੀ ਨ ਲਵੇ, ਨ ਉਥੇ ਜਾਵੇ। ਇਸ ਦਾ ਸਾਰਾ ਪ੍ਰਵਾਰ ਇਸ ਦੇ ਨਾਲ ਬੜਾ ਹੀ ਪੁਜ ਕੇ ਪਿਆਰ ਕਰਦਾ ਸੀ, ਇਸ ਦੇ ਮਾਤਾ ਪਿਤਾ ਭੈਣ ਭਾਈ ਸਾਰੇ ਦੇ ਸਾਰੇ ਹੀ ਗੁਰਮਤਿ ਦੇ ਅਨੁਸਾਰੀ ਪਹਿਲਾਂ ਹੀ ਸਨ। ਵੀਰ ਬਸੰਤ ਸਿੰਘ ਜੀ ਦੇ ਪ੍ਰਭਾਵ ਨਾਲ ਹੋਰ ਵੀ ਪ੍ਰਮ ਪ੍ਰੇਮੀ ਅਧਿਕਾਰੀ ਜਨ ਬਣ ਗਏ। ਦਿਨਾਂ ਵਿਚ ਹੀ ਸਾਰੇ ਪਰਵਾਰ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ ਤੇ ਤੱਤ ਗੁਰਮਤਿ ਦੇ ਅਸੂਲਾਂ ਤੇ ਦ੍ਰਿੜ ਹੋ ਗਏ। ਇਕ ਦਿਨ ਡਡਿਆ ਕੇ ਸਾਰੇ ਪ੍ਰਵਾਰ ਨੇ ਪ੍ਰੇਮ ਫਰਿਆਦੀ ਹੋ ਕੇ ਫਰਿਆਦ ਕੀਤੀ ਸਾਰੀ ਸੰਗਤ ਅਗੇ, ਕਿ ਇਸ ਨੂੰ ਜਥੇ ਵਲੋਂ ਆਗਿਆ ਪੂਰਤ ਹੁਕਮਨ ਇਜਾਜ਼ਤ ਦਿਤੀ ਜਾਵੇ ਕਿ ਸਾਡਾ ਇਹ ਅਜ਼ੀਜ਼ ਸੇਖਵਾਂ ਵਿਚ ਹੀ ਰਹੇ ਸਹੇ, ਸਾਡੀਆਂ ਅੱਖੀਆਂ ਤੋਂ ਓਹਲੇ ਨਾ ਹੋਵੇ, ਸੰਸਾਰਕ ਕਾਰ ਵਿਹਾਰ ਨਿਸੰਗ ਕੁਝ ਨਾ ਕਰੇ ਨਿਰੋਲ ਸਤਸੰਗ ਨਾਮ ਤਰੰਗੀ ਅਨੰਦ ਵਿਚ ਹੀ ਰਹੇ। ਅਸੀਂ ਸਾਰੇ ਇਸਨੂੰ ਦੇਖ ਦੇਖ ਕੇ ਜੀਵਾਂਗੇ ਤੇ ਨਗਰ ਨਿਵਾਸੀ ਹੋਰ ਸਾਰਿਆਂ ਜੰਤਾਂ ਸਮੇਤ ਸਤਸੰਗ ਪ੍ਰੇਮ ਪਿਆਲੇ ਪੀਵਾਂਗੇ ਅਤੇ ਪੀਂਦੇ ਰਹਾਂਗੇ। ਇਸ ਅਜ਼ੀਜ਼ ਦੇ ਤੁਫ਼ੈਲ ਸੇਖਵਾਂ ਨਗਰੀ ਵਿਚ ਹੀ ਸਾਰੇ ਜਥੇ ਦੇ ਦਰਸ਼ਨ ਹੋਣ ਅਤੇ ਅਖੰਡ ਕੀਰਤਨ ਦੇ ਅਨੰਦ ਮੰਗਲ ਬੱਝਣ। ਇਹ ਸਾਡੀ ਜਿਗਰੀ ਕਾਮਨਾ ਹੈ।

ਗਲ ਕੀ ਇਸ ਖ਼ਾਲਸ ਗੁਰਮਤਿ ਭਿੰਨੀ ਬਿਨੈ ਜੋਦੜੀ ਦੇ ਅਧੀਨ ਪ੍ਰਾਇਣ ਹੋ ਕੇ ਇਸ ਵੀਰੜੇ ਬਸੰਤ ਸਿੰਘ ਜੀ ਨੂੰ ਸੇਖਵੀਂ ਨਿਜ ਪ੍ਰਵਾਰ ਦੇ ਨਾਲ ਹੀ ਨਿਵਾਸ ਰਖਣ ਦੀ ਤਾਕੀਦੀ ਆਗਿਆ ਕੀਤੀ ਗਈ। ਆਗਿਆ ਨੂੰ ਸਿਰ ਮਥੇ ਤੇ ਮੰਨ ਕੇ ਵੀਰ ਜੀ ਪ੍ਰਵਾਰ ਦੇ ਨਾਲ ਤੁਰ ਪਏ। ਤੁਰੇ ਜਾਂਦੇ ਜਦ ਤਾਈਂ ਦ੍ਰਿਸ਼ਟੀ ਗੋਚਰ ਰਹੇ, ਪਿਛਲਖੋਰੀ ਹੀ ਤੁਰੇ ਜਾਣ ਪ੍ਰੇਮ ਮਤਵਾਲੇ ਹੋਏ ਵੇ ਕਿਸੇ ਓਰ ਤਕਣ ਹੀ ਨਾ ਇਹਨਾਂ ਨੂੰ ਪਿਛਲੇ ਪਾਸਿਓਂ ਇਹਨਾਂ ਦੇ ਨਗਰ ਪ੍ਰੇਮੀ ਇਉਂ ਫੜੀ ਜਾਣ ਜਿਵੇਂ ਕਿਸੇ ਸੁਧੋਂ ਬੇਸੁਧ ਹੋਏ ਮਸਤ ਮਤਵਾਲੇ ਨੂੰ ਫੜੀ ਜਾਂਦੇ ਹਨ, ਮੁਕਦੀ ਗਲ ਇਹ ਘਰ ਪਹੁੰਚ ਗਏ, ਇਹਨਾਂ ਦੀ ਪ੍ਰਮ ਇਛਾ ਦੇ ਅਨੁਕੂਲ ਹੁੰਦੇ ਹੋਏ ਇਹਨਾਂ ਦੇ ਗੁਰਮੁਖ ਮਾਤਾ ਪਿਤਾ ਅਤੇ ਸਭ ਪਰਵਾਰੀਆਂ ਨੇ ਇਸ ਵੀਰ ਦੇ ਨਮਿਤ ਇਨ੍ਹਾਂ ਦੇ ਆਪਣੇ ਖੇਤ ਵਿਚ ਹੀ (ਜੋ ਪਿੰਡ ਤੋਂ ਚਾਰ ਪੰਜ ਫਰਲਾਂਗ ਦੇ ਫਾਸਲੇ ਤੇ ਸੀ) ਇਕ ਪ੍ਰੇਮ ਕੁਟੀਆ ਭਜਨ ਲਈ ਬਣਵਾ ਦਿਤੀ ਜਿਥੇ ਇਹ ਦਿਨ ਰਾਤ ਭਜਨ ਭਗਤੀ ਭਾਵ ਵਿਚ ਹੀ ਹਰ ਛਿਨ ਮਸਤੂਲ ਮਸਤ ਰਿਹਾ ਕਰਨ। ਇਸ ਵੀਰ ਡਾਕਟਰ ਬਸੰਤ ਸਿੰਘ ਜੀ ਨੇ ਡਾਕਟਰੀ ਦਾ ਪ੍ਰੋਫੈਸ਼ਨ (ਕਿੱਤਾ) ਤਾਂ ਚਿਰਕੋਣਾ ਛਡ ਦਿਤਾ ਹੋਇਆ ਸੀ ਜਥੇ ਵਾਲੇ ਸਜਣ ਅਕਸਰ ਏਨ੍ਹਾਂ ਨੂੰ ਡਾ: ਬਸੰਤ ਸਿੰਘ ਕਰਕੇ ਹੀ ਅਲਾਇਆ ਪੁਕਾਰਿਆ ਕਰਦੇ ਸਨ। ਪਰ ਇਸ ਵੀਰ ਦੀ ਅਟੱਲ ਭਾਉ ਭਗਤੀ, ਭਜਨ ਅਭਿਆਸ ਦੇ



www.AKJ.Org

ਪ੍ਰਭਾਵ ਕਾਰਨ ਸੇਖਵਾਂ ਪਿੰਡ ਦੇ ਨੇੜੇ ਤੇੜੇ ਦੇ ਸਾਰਿਆਂ ਨਗਰਾਂ ਵਿਚ ਇਹ ਸੰਤ ਬਸੰਤ ਸਿੰਘ ਕਰਕੇ ਹੀ ਮਸ਼ਹੂਰ ਤੇ ਪ੍ਰਸਿਧ ਸਨ। ਫਿਰ ਤਾਂ ਉਹ ਭਜਨ ਕੁਟੀਆ ਇਕ ਤਕੜੇ ਡੇਰੇ ਦੇ ਸਰੂਪ ਵਿਚ ਵਿਸਥਾਰਤ ਹੋ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਛੋਟਾ ਜਿਹਾ ਗੁਰਦਵਾਰਾ ਵਖਰਾ ਤੇ ਨਵੇਕਲਾ ਸਜ ਗਿਆ ਅਤੇ ਸੰਗਤ ਦੇ ਸਮਾਗਮ ਜੁੜਨ ਲਗ ਪਏ। ਅਖੰਡ ਕੀਰਤਨਾਂ ਦੀ ਬੜੀ ਹੀ ਅਖੰਡ ਪ੍ਰਾਪਤੀ ਕਲਾ ਵਰਤੀ। ਬੇਅੰਤ ਹੀ ਪ੍ਰਵਾਰਾਂ ਦੇ ਪ੍ਰਵਾਰ ਸਿੰਘ ਸਜ ਕੇ ਤਿਆਰ ਬਰ ਤਿਆਰ ਹੋ ਗਏ। ਨਵ ਰਿਧੀਆਂ ਸਿਧੀਆਂ ਅਗੇ ਪਿਛੇ ਫਿਰਨ ਲਗ ਪਈਆਂ, ਪਰ ਏਨ੍ਹਾਂ ਚੇਟਕਾਂ ਵਿਚ ਅਸਾਡਾ ਪਿਆਰਾ ਵੀਰ ਪਿਆ ਹੀ ਨਹੀਂ, ਸਦਾ ਹੀ ਨਿਰਲੇਪ ਰਿਹਾ। ਸਾਰੀ ਉਮਰ ਬਾਲ ਜਤੀ ਹੀ ਰਹੇ। ਇਨ੍ਹਾਂ ਨੂੰ ਇਲਮੁਲ ਗਾਇਬ ਨਾਲ ਏਹ ਪਤਾ ਲਗ ਗਿਆ ਸੀ ਕਿ ਤਿਲ ਖੜੋਤੇ ਹੀ ਹਨ, ਛੋਟੀ ਉਮਰ ਵਿਚ ਹੀ ਅਕਾਲ ਚਲਾਣਾ ਕਰ ਜਾਣਾ ਹੈ। ਇਸ ਕਰਕੇ ਸ਼ਾਦੀ ਕਰਾਉਣ ਦੇ ਅਡੰਬਰ ਕਾਹਨੂੰ ਕਰਨੇ ਹਨ, ਕਦੇ ਸੰਕਲਪ ਵੀ ਨਹੀਂ ਫੁਰਿਆ ਸੀ। ਖੁਦ ਇਕ ਅਕਾਲ ਪੁਰਖ ਨਾਲ ਆਪਣਾ ਵਿਆਹ ਕਰਵਾਇਆ ਹੋਇਆ ਸੀ। ਦੁਨੀਆਦਾਰੀ ਨਰੜ ਕਰਕੇ ਸੁਤੰਤਰਤਾ ਵਿਚ ਫਰਕ ਆਉਂਦਾ ਸੀ। ਗੁਰਮਤਿ ਅਸੂਲ ਪੂਰਨ ਤੌਰ ਤੇ ਦ੍ਰਿੜ ਸੀ ਪਰ ਆਪਣੀ ਥੋੜੀ ਹਿਆਤ ਦੀ ਅਜ਼ਗੈਬੀ ਗਿਆਤ ਹੋਣ ਕਰਕੇ ਸ਼ਾਦੀ ਕਰਨ ਦੇ ਝਮੇਲੇ ਵਿਚ ਕਦੇ ਪਏ ਹੀ ਨਹੀਂ ਸਨ। ਇਨ੍ਹਾਂ ਦੇ ਮਾਤਾ ਪਿਤਾ ਆਦਿਕ ਬਜ਼ੁਰਗਵਾਰ ਰਿਸ਼ਤੇਦਾਰਾਂ ਦਾ ਕਦੇ ਹੀਆ ਨਹੀਂ ਪਿਆ ਸੀ ਕਿ ਇਨ੍ਹਾਂ ਨੂੰ ਕੋਈ ਜ਼ਬਰੀ ਪਰੇਰਨਾ ਕਰ ਸਕਣ।

ਸਿਆਲਕੋਟ ਦੇ ਸਾਰੇ ਇਲਾਕੇ ਵਿਚ ਖਾਸ ਕਰ ਨਾਰੋਵਾਲ ਦੀ ਤਸੀਲ ਵਿਚ ਗੁਰਮਤਿ ਤਤ ਅਸੂਲਾਂ ਦਾ ਪਰਚਾਰ ਇਨ੍ਹਾਂ ਦੇ ਰਾਹੀਂ ਏਤਨਾ ਸੀ ਕਿ ਪਿੰਡ ਪਿੰਡ ਵਿਚ ਤਿਆਰ ਬਰ ਤਿਆਰ ਸਿੰਘਾਂ ਦੇ ਜਥੇ ਸਜੇ ਹੋਏ ਸਨ। ਜਦੋਂ ਕਦੀ ਵੀ ਅਸੀਂ ਜਥੇ ਸੁਯੁੰਕਤ ਉਨ੍ਹਾਂ ਦੇ ਪਿੰਡ ਸੇਖਵਾ ਜਾਣਾ, ਤਾਂ ਪਹਿਲਾਂ ਹੀ ਸਾਰਾ ਪ੍ਰਬੰਧ ਉਨਾਂ ਦਾ ਕੀਤਾ ਹੋਣਾ। ਬਾਹਰ ਡੇਰੇ ਵਿਚ ਤੰਬੂ ਕਨਾਤਾਂ ਸ਼ਮਿਆਨੇ ਲਗੇ ਹੋਏ ਹੋਣੇ, ਜੰਗਲ ਵਿਚ ਮੰਗਲ ਬਣੇ ਹੋਏ ਸਨ, ਬੜਾ ਇਕਾਂਤ ਅਸਥਾਨ ਸੀ। ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਨੇ ਆ ਇਕੱਤ੍ਰ ਹੋਣਾ ਕੀਰਤਨ ਸਮਾਗਮ ਤਾਂ ਨਿਤਾ ਪ੍ਰਤੀ ਹੀ ਹੁੰਦੇ ਰਹਿੰਦੇ ਸਨ। ਜਥੇ ਦੇ ਅਸੂਲਾਂ ਦਾ ਨਿਗਰ ਪ੍ਰਚਾਰ ਜੋ ਇਸ ਇਲਾਕੇ ਵਿਚ ਡਾ: ਬੰਸਤ ਸਿੰਘ ਜੀ ਦੇ ਪ੍ਰਭਾਵ ਕਰ ਕੇ ਹੋਇਆ ਹੈ, ਉਹ ਹੋਰ ਕਿਸੇ ਵਿਰਲੀ ਵਿਅਕਤੀ ਨੇ ਹੀ ਕੀਤਾ ਹੋਣਾ ਹੈ। ਜਦ ਅਸੀਂ ਕਸ਼ਮੀਰ ਨੂੰ ਜਾਣਾ, ਤਾਂ ਇਨਾਂ ਨੇ ਸਾਨੂੰ ਏਥੇ ਜ਼ਰੂਰੀ ਅਟਕਾਵਣਾ। ਇਸੇ ਪਾਸੇ ਵਲ ਜਾਣ ਦੀ ਪਰੇਰਨਾ ਵੀਰ ਵਲੋਂ ਬੜੀ ਪ੍ਰਬਲ ਹੋਇਆ ਕਰਦੀ ਸੀ। ਏਧਰਲੀਆਂ ਸੰਗਤਾਂ ਵਿਚ ਏਹਨਾਂ ਦਾ ਬੜਾ ਹੀ ਪ੍ਰਭਾਵਸ਼ਾਲੀ ਰੋਹਬ ਸੀ ਜਿਤਿੰਦੇ ਹੋਣ ਕਰਕੇ ਅਤੇ ਗੁਰਮਤਿ ਨਾਮ ਦੇ ਤਤਿ ਅਭਿਆਸੀ ਹੋਣ ਕਰ ਕੇ ਏਨਾਂ ਦੀ ਨਿਸ਼ਕਾਮ ਤਪਸਿਆ ਦਾ ਹੀ ਪ੍ਰਤਾਪ ਸੀ। ਸੁਤੇ-ਸੁਭਾਵ ਹੀ ਸਾਰੇ ਸਿੰਘਾਂ ਵਿਚ ਏਹਨਾਂ ਦਾ ਅਗਿਆਕਾਰੀ ਰਹਿਣ ਦਾ ਬੜਾ ਹੀ ਬੇਨਜ਼ੀਰ ਡਿਸਿਪਲਨ ਬਣਿਆ ਹੋਇਆ ਸੀ। ਕੀ ਬੜੇ ਕੀ ਛੋਟੇ ਬਜ਼ੁਰਗ ਵਡੀ ਉਮਰ ਵਾਲੇ ਸਿੰਘ ਸਜਣ ਇਨ੍ਹਾਂ ਦਾ ਪੂਜ ਕੇ ਸਤਿਕਾਰ ਕਰਿਆ ਕਰਦੇ ਸਨ। ਪਰ ਸੰਤ ਵੀਰ ਡਾ: ਬਸੰਤ ਸਿੰਘ ਨੂੰ ਸਤਿਕਾਰ ਕਰਾਉਣ ਦਾ ਉਕਾ ਹੀ ਮੇਨੀਆਂ ਨਹੀਂ ਸੀ। ਕਈ ਥੋੜੀ ਅਕੀਦਤ ਦੇ ਕਜਖਿਆਲੀ ਪੁਰਸ਼ ਏਹ ਵੀ ਖਿਆਲ ਕਰ ਲੈਂਦੇ ਸਨ ਕਿ ਸ਼ਾਇਦ ਏਥੇ ਸੰਤ ਡੰਮ ਦਾ ਪਹਿਰਾ ਪਹਾਰਾ ਹੋਣਾ ਹੈ ਪਰ ਇਹ ਖਿਆਲ ਉਹਨਾਂ ਦਾ ਨਿਰਾ ਹੀ ਨਿਰਮੂਲ ਸੀ, ਆਪੋ ਵਿਚ ਹੀ ਉਹਨਾਂ ਦੀ ਆਪ-ਹੁਦਰੀ ਭਰਾਂਤੀ ਸੀ। ਡਾ: ਬਸੰਤ ਸਿੰਘ ਜੀ ਨੂੰ ਇਸ ਗਲ ਦਾ ਲੇਪ ਛੇਪ ਹੈ ਨਹੀਂ ਸੀ। ਗੁਰਮਤਿ ਲੰਗਰ ਸੇਖਵਾਂ ਦੇ ਡੇਰੇ ਵਿਚ ਚਲਦਾ ਹੀ ਰਹਿੰਦਾ ਸੀ, ਜਿਸ ਵਿਚ ਏਹਦੀ ਆਪਣੀ ਛੋਟੀ ਭਰਜਾਈ ਬੀਬੀ ਪ੍ਰੀਤਮ ਕੌਰ ਜੀ ਦੀ ਮੁਖ ਪ੍ਰਧਾਨਤਾ ਸੀ। ਇਸ ਸੀਸ ਤੇ ਦਸਤਾਰ ਸਜੀ ਬੀਬੀ ਦਾ ਏਤਨਾ ਜਬ੍ਹਾ ਸੀ ਕਿ ਕਿਸੇ ਦੀ ਮਜਾਲ ਨਹੀਂ ਸੀ ਕਿ



www.AKJ.Org

ਲੰਗਰ ਦੇ ਮੰਡਲ ਵਲ ਕੋਈ ਅੱਖ ਫਰਕ ਕੇ ਵੀ ਝਾਕ ਸਕੇ। ਇਹ ਬੀਬੀ ਪ੍ਰੀਤਮ ਕੌਰ ਅਤਿਅੰਤ ਸੁਸ਼ੀਲ ਅਤੇ ਸ੍ਵਾਸ ਸ੍ਵਾਸ ਨਾਮ ਜਪਣ ਵਾਲੀ ਪੁਰਾਤਨ ਦੇਵੀ ਸੀ, ਜਿਸ ਦੇ ਦੈਵੀ ਸੁਭਾਵ ਅਤੇ ਪ੍ਰਭਾਵ ਸ਼ਾਲੀ ਪ੍ਰਬੰਧ ਕਰਕੇ, ਜੋ ਜੋ ਬੀਬੀਆਂ ਭੁਝੰਗਣਾਂ ਲੰਗਰ ਵਿਚ ਸੇਵਾ ਕਰਦੀਆਂ ਸਨ, ਉਨਾਂ ਦੇ ਗੁਰਮਤਿ ਜੀਵਨ ਨਾਮ ਅਭਿਆਸ ਕੁਠਾਲੀ ਵਿਚ ਢਲੇ ਹੋਏ ਸਨ। ਸੇਵਾ ਕਰਦਿਆਂ ਉਨ੍ਹਾਂ ਦੀਆਂ ਮਖਮੂਰ ਅੱਖੀਆਂ ਕਦੇ ਨਹੀਂ ਉਘੜਦੀਆਂ ਸਨ। ਡਾ: ਬਸੰਤ ਸਿੰਘ ਜੀ ਦੇ ਸੁੰਦਰ ਸੁਡੌਲ ਯੁਵਾ ਅਵਸਥਾ ਵਾਲੀ ਸਰੀਰਕ ਕ੍ਰਾਂਤੀ ਤੇ ਆਮ ਨੌਜਵਾਨ ਜ਼ਨਾਨੀਆਂ ਬਥੇਰੀਆਂ ਮੋਹਤ ਹੋ ਜਾਂਦੀਆਂ ਸਨ ਪਰੰਤੂ ਡਾਕਟਰ ਜੀ ਹਮੇਸ਼ਾਂ ਹੀ ਨਾਮ ਰੰਗਾਂ ਦੀ ਉਚੀ ਔਜ ਮੌਜ ਵਿਚ ਹੀ ਮਸਤ ਰਹਿੰਦੇ ਸਨ। ਉਹਨਾਂ ਦੇ ਗੁਰਮਤਿ ਗੀਧਿ ਫੁਰਨਿਆਂ ਅਗੇ ਕਿਸੇ ਵਿਕਾਰੀ ਸੰਕਲਪ ਦਾ ਕੀ ਦਮ ਖਮ ਸੀ ਕਿ ਟਿਕ ਸਕੇ। ਭੇੜਾ ਦੇਖਣ ਵਾਲਿਆਂ ਦੀ ਆਪਣੀ ਦ੍ਰਿਸ਼ਟੀਕੋਨ ਵਿਚ ਹੀ ਭੇੜ ਹੁੰਦਾ ਹੈ। ਡਾ: ਬਸੰਤ ਸਿੰਘ ਜੀ ਅਕਸਰ ਸਾਡੇ ਨਾਲ ਹੀ ਕਸ਼ਮੀਰ ਜਾਇਆ ਕਰਦੇ ਸਨ ਅਤੇ ਜੇਹਲਮ ਦਰਿਆ ਦੇ ਇਕ ਹੈਡ ਵਰਕੀ ਇਕਾਂਤ ਅਸਥਾਨ ਤੇ ਸਾਨੂੰ ਹਮੇਸ਼ਾਂ ਹੀ ਲੈ ਜਾਇਆ ਕਰਦੇ ਸਨ। ਵਗਦੇ ਦਰਿਆ ਦੇ ਕਿਨਾਰੇ ਦੀਆਂ ਉਚੀਆਂ ਚਟਾਨਾਂ ਉਤੇ ਸਾਰਾ ਸਾਰਾ ਦਿਨ ਵਖੋ ਵਖੋ ਥਾਵੀਂ ਅਭਿਆਸ ਆਸਣ ਜਮਾ ਕੇ ਬੈਠੇ ਰਹਿਣਾ ਤੇ ਅਡੋਲ ਅਨੰਦ ਮਾਨਣੇ। ਕਈ ਕਈ ਰਾਤਾਂ ਅਭਿਆਸ ਲਹਿਰਾਂ ਵਿਚ ਹੀ ਗੁਜ਼ਾਰਨੀਆਂ। ਸਾਲ ਦਰ ਸਾਲ ਨਾਰੰਗਵਾਲ ਵਿਖੇ ਗੁਰਪੁਰਬ ਪੋਹ ਸਦੀ ਸੱਤਮੀਂ ਦੇ ਸਮਾਗਮਾਂ ਉਤੇ ਸਾਰਾ ਜਥਾ ਲੈ ਕੇ ਆਉਣਾ ਅਤੇ ਕੀਰਤਨ ਕਰਦੇ ਰਹਿਣਾ। ਕਈ ਕਈ ਵਾਰ ਕਿਲਾ ਰਾਇਪੁਰ ਸਟੇਸ਼ਨ ਤੋਂ ਉਤਰ ਕੇ ਅੱਧੀ ਰਾਤੀਂ ਪੈਦਲ ਤੁਰ ਤੁਰਕੇ ਅੱਪੜਨਾ। ਸੀਸ ਦਸਤਾਰ ਸਜੀਲੀਆਂ ਬੀਬੀਆਂ ਭੁਝੰਗਣਾਂ ਦਾ ਜਥਾ ਵੀ ਨਾਲ ਹੋਇਆ ਕਰਦਾ ਸੀ। ਕੀਰਤਨ ਦੇ ਖੂਬ ਧਨੀ ਸਨ। ਸੰਗਤਾਂ ਸਮੇਤ ਭੂਮਆਸਨੀ ਉਤਾਰੇ ਲੈਣੇ। ਰੁਖਾ ਸੁਖਾ ਭੋਜਨ ਛਕ ਕੇ ਹੀ ਸੰਤੁਸ਼ਟ ਰਹਿਣਾ। ਗੁਰੂ ਕੇ ਲੰਗਰ ਲਈ ਰਾਸ਼ਨ ਸੀਸ ਤੇ ਚੁਕ ਕੇ ਲਿਆਵਣਾ 'ਆਪਨਾ ਬਿਗਾਰ ਪਰਾਇਆ ਸਾਂਢੈ' ਦੇ ਗੁਰਵਾਕ ਅਨੁਸਾਰ ਪਰਉਪਕਾਰ ਹਿਤ ਆਪਣਾ ਸਾਰਾ ਸਰਬੰਸ ਵੀ ਵਾਰਨ ਤਾਂਈਂ ਜਾਂਦੇ ਸਨ, ਆਪਣੇ ਧਨ ਧਾਮ ਘਰ ਘਾਟ ਵੀ। ਇਕੋ ਮਸਾਲ ਕਾਫੀ ਹੈ, ਉਦਾਹਰਣ ਲਈ :—

## ਘੱਲੂਘਾਰੇ ਦੇ ਦਿਨਾਂ ਦੀ ਸੇਵਾ

੧੯੪੭ ਵਿਚ ਜਦੋਂ ਮੁਸਲਮ ਲੀਗੀ ਪਾਕਿ-ਸਤਾਨ ਵੱਡਾ ਘੱਲੂਘਾਰਾ ਹੋਇਆ, ਜ਼ਿਲਾ ਸਿਆਲ-ਕੋਟ ਸਾਰੇ ਦਾ ਸਾਰਾ ਪਾਕਿਸਤਾਨੀ ਵੰਡ ਵਿਚ ਆ ਗਿਆ ਸੀ। ਡਾ: ਸਾਹਿਬ ਨੂੰ ਆਪਣੇ ਪ੍ਰਵਾਰ ਦੀ ਪ੍ਰਵਾਹ ਨਹੀਂ ਰਹੀ, ਪਹਿਲਾਂ ਹੋਰ ਪ੍ਰਵਾਰਾਂ ਦੀ ਰਖਸ਼ਾ ਵਿਚ ਤਤਪਰ ਹੋ ਗਏ। ਸਿਆਲਕੋਟ ਦੇ ਇਤਿਹਾਸਕ ਗੁਰਦਵਾਰਿਆਂ, ਗੁਰਦਵਾਰਾ ਬੇਰ ਸਾਹਿਬ ਗੁਰਦ-ਵਾਰਾ ਬਾਵਲੀ ਸਾਹਿਬ ਆਦਿਕ ਦੁਆਲੇ ਬੇ-ਪ੍ਰਵਾਹ ਪਹਿਰਾ ਦੇ ਕੇ ਹਿਫਾਜ਼ਤ ਕੀਤੀ। ਜਦੋਂ ਸਿਆਲਕੋਟ ਦੇ ਜ਼ਿਲੇ ਦੇ ਸਿਖਾਂ ਉਪਰ ਭੀੜ ਪਈ, ਤਾਂ ਉਸ ਭੀੜ ਵਿਚੋਂ ਗੁਰਸਿਖ ਪ੍ਰਵਾਰਾਂ ਨੂੰ ਕੱਢਣ ਲਈ ਸਿਰ ਧੜ ਦੀ ਬਾਜ਼ੀ ਲਾ ਕੇ ਪੂਰੇ ਯਤਨ ਕੀਤੇ। ਸ: ਹਰਨਾਮ ਸਿੰਘ ਉਬਰਾਏ ਦੇ ਸਾਰੇ ਪ੍ਰਵਾਰ ਨੂੰ ਸ਼ਹਿਰ ਸਿਆਲਕੋਟ ਵਿਚੋਂ ਜ਼ਰੂਰੀ ਸਮਾਨ ਸਮੇਤ ਆਪਣੇ ਸਾਥ ਲਿਆ ਕੇ ਰੋਪੜ ਦੇ ਪਾਸ ਮੀਰਾਂ ਮੀਰ ਪਿੰਡ ਵਿਚ ਜਾ ਵਸਾਇਆ। ਦਾਸ ਨੇ ਇਨ੍ਹਾਂ ਨੂੰ ਖਾਸ ਤਾਕੀਦ ਕੀਤੀ ਪਹਿਲਾਂ ਆਪਣੇ ਨਿਜ ਪ੍ਰਵਾਰ ਨੂੰ ਇਸ ਘਲੂਘਾਰੇ ਦੇ ਗੇੜੇ ਵਿਚੋਂ ਕੱਢਕੇ ਕਿਸੇ ਸੁਰਖਤ ਅਸਥਾਨ ਉਤੇ ਇਸ ਪਾਸੇ ਛੱਡ ਜਾਓ। ਏਸ ਪ੍ਰੇਰਨਾ ਦੀ ਤਾਮੀਲ ਕਰਨ ਲਈ ਡਾਕਟਰ ਸਾਹਿਬ ਧਾਕੇ ਆਪਣੇ ਪਿੰਡ ਸੇਖਵਾਂ ਵਲ ਗਏ। ਪਿੰਡ ਅਜੇ ਪਹੁੰਚੇ ਹੀ ਨਹੀਂ ਸਨ ਕਿ ਨਾਰੋਵਾਲ ਤਸੀਲ ਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਪ੍ਰਵਾਰਾਂ ਸਮੇਤ ਉਜੜ ਨਿਕਲੀਆਂ ਚਲੀਆਂ ਆਉਣ, ਉਨ੍ਹਾਂ ਨੂੰ ਕਿਸੇ ਪਾਸੇ ਕਿਸੇ



www.AKJ.Org

ਟਿਕਾਣੇ ਲਗਣ ਦਾ ਪਤਾ ਨਹੀਂ ਸੀ, ਉਹ ਡਾ: ਸਾਹਿਬ ਦੀ ਅਗਵਾਈ ਚਾਹੁੰਦੇ ਹੀ ਸਨ। ਡਾ: ਬਸੰਤ ਸਿੰਘ ਜੀ ਨੇ ਆਪਣੇ ਨਿਜ ਪ੍ਰਵਾਰ ਦੀ ਪ੍ਰਵਾਹ ਨਹੀਂ ਕੀਤੀ। ਸਾਰਾ ਪਰਵਾਰ ਕੁਰਬਾਨ ਕਰਵਾ ਲਿਆ। ਪ੍ਰਵਾਰ ਦਾ ਬੱਚਾ ਬੱਚਾ ਸ਼ਹੀਦ ਹੋ ਗਿਆ। ਪਰ 60 ਲੱਖ ਸਿੰਘਾਂ ਦੇ ਕਾਫਲੇ ਨੂੰ ਆਪਣੀ ਸਰਕਰਦਗੀ ਵਿਚ ਸੁਰਖਤ ਪੁਚਾ ਕੇ ਰਾਵੀਓਂ ਪਾਰ ਲੈ ਆਏ। ਸਾਵਣ ਭਾਦਰੋਂ ਦੇ ਦਿਨ ਸਨ, ਉਪਰੋਂ ਲਗਾਤਾਰ ਬਰਖਾਵਾਂ ਹੋ ਰਹੀਆਂ ਸਨ। ਹਫਤਿਆਂ ਬੱਧੀ ਦਿਨ ਰਾਤ ਭੁਖੇ ਰਹਿਕੇ ਸਰੀਰ ਉਤੇ ਕਸ਼ਟ ਝਲੇ। ਹੁਸੜ ਦੀਆਂ ਗਰਮੀਆਂ ਝਾਗੀਆਂ। ਪਰ ਸਚੇ ਪ੍ਰਉਪਕਾਰ ਦੇ ਪੂਰਨੇ ਪਾਏ। ਪਿਛਾ ਨਹੀਂ ਛਡਿਆ। ਆਪਣੀ ਗਹਿਣ ਗਤਿ ਤੋੜ ਨਿਬਾਹੀ। ਸਰੀਰਕ ਸਿਹਤ ਐਸੀ ਨਿਰਬਲ ਹੋਈ ਕਿ ਮੁੜ ਤਾਬ ਨਹੀਂ ਆਈ। ਲਹੂ ਸਰੀਰ ਦਾ ਸਾਰਾ ਸੁਕ ਗਿਆ, ਨਵਾਂ ਖੂਨ ਬਣਨੋਂ ਬੰਦ ਹੋ ਗਿਆ। ਜਦੋਂ ਫਿਰਨੋਂ ਤੁਰਨੋਂ ਵੀ ਰਹਿ ਖੜੋਤੇ, ਓਦੋਂ ਸਾਡੇ ਬਾਰੰਬਾਰ ਪ੍ਰੇਮ ਸਦੇ ਭੇਜਣ ਪਰ ਕੁਮਾਰ ਹਟੀ ਸਾਡੇ ਪਾਸ ਆ ਗਏ। ਆ ਤਾਂ ਗਏ, ਪਰ ਨਿਬੜੇ ਹੋਏ ਹੀ ਆਏ, ਉਨ੍ਹਾਂ ਨੂੰ ਇਹ ਪਤਾ ਸੀ ਕਿ ਅੰਤ ਕਾਲ ਨੇੜੇ ਹੈ। ਹਿਰਦੇ ਦੀ ਤੀਬਰ ਇੱਛਾ ਇਹੋ ਹੀ ਸੀ ਕਿ ਸੰਗਤਾਂ ਵਿਚ ਖੇਡਦਿਆਂ ਹੋਇਆਂ ਅਤੇ ਸਾਡੀ ਨਿਕਟਤਾ ਵਿਚ ਸਨਮੁਖ ਰਹਿੰਦਿਆਂ ਹੋਇਆਂ ਸਾਡੇ ਪਾਸ ਸਰੀਰ ਛੁਟੇ। ਮਹੀਨਿਆਂ ਬੱਧੀ ਅਕਸਰ ਇਹ ਤੁਕਾਂ ਹੀ ਮੁਖੋਂ ਉਚਾਰਦੇ ਰਹਿੰਦੇ ਸਨ:-

'ਮੋਹਿ ਮਰਨੇ ਕਾ ਚਾਉ ਹੈ
ਮਰਉ ਤ ਹਰਿ ਕੇ ਦੁਆਰ!
ਮਤਿ ਹਰਿ ਪੂਛੈ ਕਉਨੁ ਹੈ
ਪਰਾ ਹਮਾਰੈ ਬਾਰ।'

## ਛੇਵੇਂ ਪਾਤਸ਼ਾਹ ਦੇ ਦਰਸ਼ਨ—ਬੱਬਰ ਸ਼ੇਰ ਭਵਿੱਖਤ ਦੀਆਂ ਗੱਲਾਂ

ਸੋ ਉਹਨਾਂ ਦਾ ਇਹ ਚਾਉ ਪੂਰਾ ਹੀ ਹੋ ਕੇ ਰਿਹਾ, ਕੁਮਾਰ ਹੱਟੀ ਪਹਾੜੀ ਦੀਆਂ ਨੇੜੇ ਤੇੜੇ ਦੀਆਂ ਟਿੱਬੀਆਂ ਤੇ ਕੰਦਰਾਵਾਂ ਵਿਚ ਬੈਠ ਕੇ ਗੁਰਮਤਿ ਅਭਿਆਸ ਜਪ ਭਿੰਨੜੇ ਉਗਰ ਤਪ ਕੀਤੇ ਅਤੇ ਅਜਿਹੀ ਬਾਲੀ ਬ੍ਰੇਸ ਵਿਚ ਕੀਤੇ ਕਿ ਕਿਸੇ ਨੇ ਕਰਨੇ ਹੀ ਨਹੀਂ, ਨਾ ਹੋਣਗੇ। ਕਸ਼ਮੀਰ ਦੇ ਵਗਦੇ ਆਬਸ਼ਾਰਾਂ ਦੀਆਂ ਗੁੰਜਾਰਾਂ ਵਿਚ ਹੁਣ ਤਾਂਈ ਇਸ ਜਪੀ ਤਪੀ ਗੁਰਮੁਖ ਪਿਆਰੇ ਦੀਆਂ ਗੂੰਜਾਂ ਹੀ ਗੂੰਜਦੀਆਂ ਹਨ। ਸ੍ਰੀ ਨਗਰ ਅਤੇ ਬਾਰਾਮੂਲੇ ਦੇ ਵਿਚਕਾਰ ਇਕ ਬੜੀ ਇਕਾਂਤ ਵਿਚ, ਦਰਿਆ ਜੇਹਲਮ ਦਾ ਹੈਡ ਵਰਕਸ ਵਾਕਿਆ ਹੈ। ਉਸ ਹੈਡ ਵਰਕ ਉਤੇ ਉਹਨਾਂ ਦੇ ਇਕ ਮਿਤ੍ਰ ਓਵਰਸੀਅਰ ਨੇ ਉਹਨਾਂ ਦੇ ਨਮਿਤ ਇਕ ਭਜਨ ਕੁਟੀਆ ਬਣਾਈ ਹੋਈ ਸੀ। ਉਹ ਉਸ ਭਜਨ ਕੁਟੀਆ ਵਿਚ ਰਾਤ ਨੂੰ ਭਜਨ ਕਰਿਆ ਕਰਦੇ ਸਨ ਅਤੇ ਦਿਨੇ ਵਗਦੇ ਜੇਹਲਮ ਦੇ ਕਿਨਾਰੇ ਉਤੇ। ਉਸ ਹੈਡ ਵਰਕਸ ਦੇ ਘਾਟਾਂ ਵਿਚ ਬੜੇ ਬੜੇ, ਉਚੇ ਉਚੇ, ਲੰਬੇ ਚੌੜੇ ਪੱਥਰ ਗੱਡੇ ਪਏ ਹਨ। ਜੋ ਕੁਦਰਤ ਦੀ ਜੜਤ ਨਾਲ ਹੀ ਕਈ ਜ਼ਮਾਨਿਆਂ ਦੇ ਜੜੇ ਹੋਏ ਚਲੇ ਆਉਂਦੇ ਹਨ। ਉਹਨਾਂ ਪੱਥਰਾਂ ਦੀ ਸਿਖਰ ਚੌੜਾਨ ਵਿਚ ਬੈਠ ਕੇ ਜੁੜ ਜਾਇਆ ਕਰਦੇ ਸਨ। ਲਾਗੇ ਹੀ ਜੇਹਲਮ ਦਰਿਆ ਦੀਆਂ ਵਗਦੀਆਂ ਲਹਿਰਾਂ ਦੀਆਂ ਝੁਨਕਾਰਾਂ ਉਠਣੀਆਂ ਅਤੇ ਅੰਤਰ-ਆਤਮੇ ਅਭਿਆਸ ਖੰਡੇ ਖੜਕਾਰਾਂ ਦੀਆਂ ਗੂੰਜਾਂ ਪੈਣੀਆਂ। ਅਸਾਨੂੰ ਵੀ ਕਈ ਵਾਰ ਉਹਨਾਂ ਪੱਥਰਾਂ ਦੀਆਂ ਸਮਾਧ-ਸਥਿਤ ਬੈਸਕੀ ਅਨਿੰਨ ਮੌਜੀ ਬਹਾਰਾਂ ਪਿਆਰੇ ਆਤਮ ਔਜੀ ਡਾ: ਬਸੰਤ ਸਿੰਘ ਜੀ ਨੇ ਦਿਖਾਈਆਂ ਅਤੇ ਮਾਣਾਈਆਂ। ਸਾਡਾ ਉਥੋਂ ਉਠਣ ਨੂੰ ਜੀ ਨਾ ਕਰਨਾ। ਘੰਟਿਆਂ ਬੱਧੀ ਬੈਠਿਆਂ ਹੀ ਰਹਿਣਾ। ਜਦੋਂ ਉਥੋਂ ਉਠ ਕੇ ਕਿਸੇ ਓਰ ਜਾਣਾ, ਉਧਰੇ ਤੇ ਉਸੇ ਪਾਸੇ ਹੀ ਇਹ ਗੂੰਜਾਂ ਗੂੰਜਦੀਆਂ ਸੁਣਦੀਆਂ ਹੀ ਰਿਹਾ ਕਰਨ। ਹੁਣ ਤਾਂਈ ਕੁਮਾਰ ਹੱਟੀ ਦੀਆਂ ਵੇਗ ਪੌਣਾਂ ਵਿਚ ਆਤਮ ਗੌਣੀ ਚੁਭੇ ਮਾਰਦੇ ਹੋਏ ਭੀ, ਉਹਨਾਂ ਗੂੰਜਾਰਾਂ ਦੀਆਂ ਸਾਥ ਹੀ ਗੂੰਜਾਂ ਪੈਂਦੀਆਂ ਪ੍ਰਤੀਤ ਹੁੰਦੀਆਂ ਹਨ ਹੈਡ ਵਰਕੀ ਓਵਰਸੀਅਰ ਡਾ: ਬਸੰਤ ਸਿੰਘ ਜੀ ਦੇ ਮਿੱਤ੍ਰ ਦਾ ਇਕ ਸੱਕਾ ਭਾਈ ਏਥੇ ਉਹਨਾਂ ਦੇ ਨਾਲ ਰਿਹਾ ਕਰਦਾ ਸੀ। ਇਹ ਸਜਣ ਇਕ ਜਮਾਂਦਰੂ


www.AKJ.Org

ਭਗਤ ਜਨ ਸੀ, ਬੜੇ ਹੀ ਗਰੀਬੀ ਵੇਸ ਵਿਚ ਰਿਹਾ ਕਰਦਾ ਸੀ। ਆਤਮ ਖੇੜਾਂ ਦੀਆਂ ਅਜਰ ਜਰਨੀਆਂ ਜਿਸਨੇ ਪੁਜ ਕੇ ਜਰੀਆਂ ਹੋਈਆਂ ਸਨ, ਜਦੋਂ ਵੀ ਇਸ ਨੂੰ ਮੌਜ ਉਠਣੀ, ਤਾਂ ਇਸ ਹੈਡਵਰਕ ਅਸਥਾਨ ਤੋਂ ਉਠਕੇ ਇਸ ਸਜਣ ਨੇ ਗੁਪਤੇ ਗੁਪਤੀ ਹੀ 'ਊਰੀ' ਦੇ ਇਤਿਹਾਸਕ ਗੁਰਦੁਆਰੇ ਵਿਖੇ ਜਾ ਬਿਰਾਜਣ। 'ਊਰੀ' ਵਾਸੀਆਂ ਅਤੇ ਉਦਾਲੇ ਛਪਾਲੇ ਦੇ ਨਗਰ ਨਿਵਾਸੀਆਂ ਵਿਖੇ ਇਹ ਆਮ ਕਹਾਵਤ ਹੈ ਕਿ ਇਸ ਊਰੀ ਦੇ ਇਤਿਹਾਸਕ ਗੁਰਦੁਆਰੇ ਵਿਖੇ ਜਾਂ ਇਸ ਦੇ ਨੇੜੇ ਤੇੜੇ ਰਾਤ ਨੂੰ ਕੋਈ ਬੰਦਾ ਬਸ਼ਰ ਨਹੀਂ ਰਹਿ ਸਕਦਾ ਕਿਉਂਕਿ ਆਮ ਤੌਰ ਤੇ ਉਹ ਕਹਿੰਦੇ ਹਨ ਕਿ ਇਥੇ ਬੱਬਰ ਸ਼ੇਰ ਆਉਂਦਾ ਹੈ, ਤਕਰੀਬਨ ਹਰ ਇਕ ਰਾਤ੍ਰੀਂ ਇਕ ਫੇਰਾ ਪਾਉਂਦਾ ਹੈ। ਇਹ ਗੁਰਦੁਆਰਾ ਜੇਹਲਮ ਦਰਿਆ ਉਤੇ ਅਗਲੇ ਪਾਰ ਦੇ ਕੰਢੇ ਤੇ ਬੜੀ ਹੀ ਇਕਾਂਤ ਨਿਰਜਨ ਅਸਥਾਨ ਤੇ ਵਾਕਿਆ ਹੈ। ਅਸਾਡੇ ਨਾਲ ਵੀ ਇਸ ਸਜਣ ਦਾ ਬੜਾ ਸਹਿਚਾਰ ਸੀ। ਮੈਨੂੰ ਅਤੇ ਡਾਕਟਰ ਬਸੰਤ ਸਿੰਘ ਜੀ ਨੂੰ ਇਹ ਸੱਜਣ ਨਿਜ ਹੱਡ-ਬੀਤੀਆਂ ਗੋਹਝ ਗੱਲਾਂ ਦਸ ਦਿਆ ਕਰਦਾ ਸੀ, ਜੋ ਨਿਹਾਇਤ ਹੀ ਕਾਬਲੇ ਯਕੀਨ ਗਲਾਂ ਸਨ। ਇਕ ਰਾਤ੍ਰੀ ਦਾ ਜ਼ਿਕਰ ਉਹ ਦਸਦਾ ਹੈ ਕਿ ਰਾਤ ਨੂੰ ਮੈਂ ਇਕ ਪੱਥਰ ਤੇ (ਗੁਰਦਵਾਰੇ ਤੋਂ ਬਾਹਰ) ਬੈਠਾ ਬਿਠਾਇਆ ਅਭਿਆਸ ਲੀਨ ਹੋ ਗਿਆ ਐਸਾ ਲੀਨ ਹੋਇਆ ਕਿ ਉਸ ਨੂੰ ਆਪਣੇ ਸਰੀਰ ਦੀ ਸੁਧ ਬੁਧ ਹੀ ਨਾ ਰਹੀ। ਇਸ ਅਭਿਆਸ ਲੀਨਤਾ ਵਿਚ ਸ਼ੇਰ ਬੱਬਰ ਨੇ ਆ ਕੇ ਇਸਦੇ ਸਾਮ੍ਹਣੇ ਭਬਕ ਮਾਰੀ। ਕੁਝ ਸਮੇਂ ਲਈ ਡਰਕੇ ਇਸ ਦੇ ਸਰੀਰ ਦੇ ਰੌਂਗਟੇ ਖੜੇ ਹੋ ਗਏ। ਪਰ ਤਤਕਾਲ ਹੀ ਸੁਰਤ ਆਉਣ ਪਰ 'ਚਉਗਿਰਦ ਹਮਾਰੇ ਰਾਮ ਕਾਰ' ਵਾਲਾ ਸ਼ਬਦ ਉਚਾਰਣ ਕਰਨ ਲਗ ਪਏ। ਐਸੀ ਪ੍ਰਤੱਖ ਹੋਇ ਬੀਤੀ ਕਿ ਅਭਿਆਸ ਵਿਚ ਬੈਠਿਆਂ ਅਨੰਦੀ ਜਨ ਦੇ ਚਾਰ ਚੁਫੇਰੇ (ਚੌਗਿਰਦੇ) ਲੋਹੇ ਦੀ ਦਿਵਾਰ ਸਾਰਖੀ ਕਾਰ ਉਸਰ ਗਈ। ਜਿਸ ਦੇ ਅੰਦਰ ਉਹ ਸ਼ੇਰ ਆ ਹੀ ਨਾ ਸਕਿਆ। ਫੇਰ ਤਾਂ ਨਿਰਭਉ ਹੋਕੇ ਅਨਿੰਨ ਨਿਸਚੇ ਨਾਲ ਨਾਮ ਅਭਿਆਸੀ ਅਨੰਦੀ ਜਨ ਹੋਰ ਵੀ ਗਾਹ ਗਾਹੇ ਹੋ ਕੇ ਅਭਿਆਸ ਦੀਆਂ ਮੌਜਾਂ ਮਾਣਨ ਲਗੇ। ਇਤਨੇ ਨੂੰ ਅਚਾਨਕ ਹੀ ਗੁਪਤੋਂ ਪ੍ਰਗਟ ਹੋ ਕੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਝਲਕਾਰਨੀ, ਅਤਿ ਮਲਗਾਰਨੀ ਦਰਸ਼ਨ ਆਇ ਦਿਤੇ। ਜਿਸ ਜੋਤ ਝਲਕਾਰਨੀ ਨਜ਼ਾਰੇ ਵਿਚ ਇਹ ਕੌਤਕ ਵੇਖਿਆ ਗਿਆ ਉਹ ਅਨੇਕਾਂ ਹੀ ਅਤੇ ਅਣਗਿਣਤ ਹੀ ਗੁਪਤ ਖਜ਼ਾਨੇ ਮਾਇਆ ਦੇ ਹੀਰੇ ਲਾਲਾਂ, ਜਵਾਹਰ ਮਾਣਕਾਂ ਦੇ ਪ੍ਰਤੱਖ ਦਰਸਾਏ ਗਏ ਤੇ ਇਹ ਵੀ ਉਚਾਰਨ ਕੀਤਾ ਗਿਆ ਕਿ ਸਮਾਂ ਆਏਗਾ ਜਦੋਂ ਗੁਪਤ ਖਜ਼ਾਨਿਆਂ ਨੂੰ ਵਰਤਨ ਲਈ ਸ੍ਰੀ ਦਸਮੇਸ਼ ਜੀ ਦੇ ਖਾਸੁਲ ਖਾਸ ਸੂਰਬੀਰ ਸਿੰਘ ਇਥੇ ਆ ਕੇ ਇਨ੍ਹਾਂ ਗੁਪਤ ਖਜ਼ਾਨਿਆਂ ਨੂੰ ਕਢਣਗੇ ਜਿਨ੍ਹਾਂ ਨੂੰ ਏਨ੍ਹਾਂ ਖਜਨਿਆਂ ਦੇ ਧੁਰੋਂ ਦਰਗਾਹੋਂ ਕੱਢਣ ਦਾ ਹੁਕਮ ਹੈ, ਓਹੀ ਜਨ ਹੀ ਇਨ੍ਹਾਂ ਗੁਪਤ ਖਜ਼ਾਨਿਆਂ ਦੀ ਪੇਖ ਪੜਤਾਲ ਕਰ ਸਕਣਗੇ। ਪਤਾ ਨਹੀਂ ਉਹ ਸਮਾਂ ਕਦੋਂ ਆਉਂਦਾ ਹੈ ਅਤੇ ਕਿਸ ਕਿਸ ਸਜਣ ਦੇ ਵਿਰਸੇ ਵਿਚ ਉਹਨਾਂ ਅਸਥਾਨਾਂ ਦੇ ਪੇਖਣ ਪੜਤਾਲਣ ਦਾ ਅਵਸਰ ਨਸੀਬ ਹੁੰਦਾ ਹੈ। ਡਾ: ਬਸੰਤ ਸਿੰਘ ਜੀ ਤਾਂ ਚਲ ਬਸੇ, ਅਸੀਂ ਕਦੇ ਉਹਨਾਂ ਅਸਥਾਨਾਂ ਦੇ ਪੇਖਣ ਪੜਤਾਲ ਦਾ ਗਹੁ ਗੁਮੇਹ ਹੀ ਨਹੀਂ ਕੀਤਾ। ਡਾ: ਬਸੰਤ ਸਿੰਘ ਜੀ ਭੀ ਇਸ ਖਿਆਲ ਤੋਂ ਨਿਰਲੇਪ ਹੀ ਰਹਿੰਦੇ ਸਨ। ਬਲਕਿ ਉਹ ਕਿਹਾ ਕਰਦੇ ਸਨ ਜਦੋਂ ਸਤਿਗੁਰੂ ਨੇ ਨਾਮ ਰੂਪੀ ਸਚੀ ਦੌਲਤ ਦੇ ਖਜ਼ਾਨੇ ਸਾਡੇ ਪੱਲੇ ਪਾ ਦਿਤੇ ਹਨ ਤਾਂ ਇਸ ਕੂੜਾਵੀ ਦੌਲਤ ਦੇ ਕੂੜੇ ਖਜ਼ਾਨਿਆਂ ਦਾ ਕੀ ਖਿਆਲ ਕਰਨਾ ਹੈ। ਸਚਮੁਚ ਸਚੇ ਨਾਮ ਰੂਪੀ ਖਜ਼ਾਨੇ ਦੀ ਪੇਪ ਲਦਕੇ ਤੁਰਦੇ ਲਗੇ ਪੱਲੇ ਪਏ ਖਜ਼ਾਨਿਆਂ ਨੂੰ ਨਾਲੇ ਲੈ ਕੇ ਪਧਾਰ ਗਏ, ਸਦਾ ਲਈ ਪਧਾਰ ਗਏ, ਉਹਨਾਂ ਦੇ ਪਧਾਰਨ ਸਮੇਂ ਇਕ ਉਹਨਾਂ ਦੇ ਟਹਿਲੀਏ ਨਾਜ਼-ਬਰਦਾਰ ਨੂੰ ਡਾ. ਸਾਹਿਬ ਦੇ ਸਰੀਰੋਂ ਨਿਕਲੀ ਜੋਤ ਝਲਕਾਰਨੀ ਝਮਕਾਰ ਦੇ ਖਾਸ ਦੀਦਾਰੇ ਹੋਏ। ਕਈ ਦਿਨਾਂ ਤੇ ਹਫ਼ਤਿਆਂ ਬੱਧੀ ਗੁੰਮ ਸੁੰਮ ਹੋ ਕੇ ਇਸ ਚਮਤਕਾਰ ਦਾ ਅਨੰਦ ਅੰਦਰੋ ਅੰਦਰ ਹੀ ਮਾਣਦੇ ਰਹੇ ਅਤੇ ਹੁਣ ਤਾਂਈ ਮਾਣ ਰਹੇ ਹਨ।



www.AKJ.Org

# ਗੁਰਬਾਣੀ ਪਾਠ-ਨਿਰਣਯ

ਵਲੋਂ :
ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ
(ਲੇਖਕ–ਕਰਤਾ 'ਜਪੁ-ਨਿਰਣਯ')
[ ਕਿਸ਼ਤ ਛੇਵੀਂ ]

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ (ਸ਼ੰਕਾਵਾਦੀ ਉਚਾਰਨ ਤੇ ਬਿਸਰਾਮ) | ਸ਼ੁੱਧ ਪਾਠ (ਸ਼ੁੱਧ ਉਚਾਰਨ ਤੇ ਬਿਸਰਾਮ) |
|---|---|---|---|---|
| (੪੨) | ੯ | ੧੫ | ਸਾਚੇ ਨਾਮ ਕੀ ਲਾਗੈ ਭੂਖ ॥<br>ਉਤੁ ਭੂਖੈ ਖਾਇ, ਚਲੀਅਹਿ ਦੂਖ ॥ | ਸਾਚੇ ਨਾਮ ਕੀ ਲਾਗੈ ਭੂਖ ॥<br>ਉਤੁ ਭੂਖੈ, ਖਾਇ ਚਲੀਅਹਿ ਦੂਖ ॥ |

ਨਿਰਣੇ—(੪੨) ਇਸ ਪੰਕਤੀ ਦੀ ਦੂਜੀ ਸੱਤਰ ਦੇ ਅਰਥਾਂ ਬਾਰੇ ਟੀਕੇਕਾਰਾਂ ਵਿਚ ਮਤਭੇਦ ਹੈ ਅਤੇ ਹੇਠ ਲਿਖੇ ਅਰਥ ਪ੍ਰਚਲਤ ਹਨ—

੧. ਉਸ ਤਾਂਘ ਦੀ ਬਰਕਤਿ ਨਾਲ (ਹਰਿ ਨਾਮ ਭੋਜਨ) ਖਾ ਕੇ ਉਸ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ।
(ਪ੍ਰੋ. ਸਾਹਿਬ ਸਿੰਘ)

੨. ਉਸ ਭੁਖ ਨਾਲ (ਨਾਮ ਜਪੀਦਾ ਹੈ ਜਿਸ ਨਾਲ ਸਾਰੇ ਹੋਰ) ਦੁਖਾਂ ਨੇ ਖਾ ਲਈਦਾ ਹੈ।
(ਡਾ. ਵੀਰ ਸਿੰਘ)

'ਚਲੀਅਹਿ' ਪਦ ਬਹੁ-ਬਚਨ ਦਾ ਸੂਚਕ ਹੈ ਇਸ ਲਈ ਇਸ ਦੇ ਹਾਹੇ ਨੂੰ ਬਿੰਦੇ ਸਹਿਤ ਉਚਾਰਨਾ ਚਾਹੀਦਾ ਹੈ।

'ਖਾਇ' ਪਦ ਦੇ ਅਰਥ 'ਖਾ ਕੇ' ਠੀਕ ਹਨ ਪਰ ਇਥੇ ਦੁਖਾਂ ਦੇ ਖਾਣ ਤੋਂ ਭਾਵ ਹੈ, ਨਾਮ ਭੋਜਨ ਖਾਣ ਦਾ ਨਹੀਂ। ਇਹ ਠੀਕ ਹੈ ਕਿ ਭੁਖ ਦਾ ਸਬੰਧ ਖਾਣ ਨਾਲ ਹੁੰਦਾ ਹੈ ਪਰ ਗੁਰਬਾਣੀ ਅਨੁਸਾਰ ਦੁਖ ਵੀ ਖਾਧਾ ਪੀਤਾ ਜਾਂਦਾ ਹੈ। ਜਿਵੇਂ—

੧. ਸਗਲੇ ਦੂਖ ਪਾਣੀ ਕਰਿ ਪੀਵਾ, ਧਰਤੀ ਹਾਕ ਚਲਾਨੀ॥ (ਪੰਨਾ ੧੪੭)

੨. ਖਾਵੈ ਦੂਖ, ਭੂਖ ਸਾਚੇ ਕੀ, ਸਚੇ ਕੀ ਤ੍ਰਿਪਤਾਸਿ ਰਹੈ ॥ (ਪੰਨਾ ੯੪੫)

ਨੰਬਰ ੨ ਵਾਲੇ ਪ੍ਰਮਾਣ ਤੋਂ ਇਹ ਨਿਰਣਾ ਹੋ ਜਾਂਦਾ ਹੈ ਕਿ 'ਸਚੇ ਨਾਮ ਦੀ ਭੁਖ' ਦੁਖਾਂ ਨੂੰ ਖਾ ਜਾਂਦੀ ਹੈ। ਸੋ ਇਥੇ ਇਹ ਅਰਥ ਹਨ ਕਿ ਜਦੋਂ ਸਚੇ ਨਾਮ ਦੀ ਭੁਖ ਲਗਦੀ ਹੈ, ਉਸ ਭੁਖ ਲਗਣ ਨਾਲ (ਸਾਰੇ) ਦੁਖ ਖਾਧੇ ਜਾਂਦੇ ਹਨ ਭਾਵ ਦੁਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਇਹ ਸ਼ਕਤੀ ਕੇਵਲ ਨਾਮ ਦੀ ਭੁਖ ਲਗਣ ਵਿਚ ਹੈ। ਜਿਵੇਂ 'ਦੁਖ ਦਾਰੂ ਸੁਖ ਰੋਗ ਭਇਆ' ਦਾ ਵਰਤਾਰਾ ਵਰਤਦਾ ਹੈ ਤਿਵੇਂ 'ਖਾਵੈ ਦੂਖ, ਭੂਖ ਸਾਚੇ ਕੀ' ਇਕ ਅਸਚਰਜ ਕਲਾ ਪ੍ਰਗਟ ਕਰਦੀ ਹੈ। ਨਾਮ ਭੋਜਨ ਖਾਣ ਨਾਲ ਕੇਵਲ ਸਰੀਰ ਦੇ ਦੁਖ ਹੀ ਨਹੀਂ ਜਾਂਦੇ, ਇਕ ਅਗੰਮ ਖੇਡ ਵਰਤ ਜਾਂਦੀ ਹੈ, ਉਸ ਅਕਥ ਕਥਾ ਦਾ ਵਰਨਣ ਕਰਨਾ ਅਸੰਭਵ ਹੈ। ਇਸ ਪੰਕਤੀ ਵਿਚ ਕੇਵਲ ਨਾਮ ਦੀ ਭੁਖ ਦੀ ਸ਼ਕਤੀ ਦਸੀ ਹੈ।



www.AKJ.org

| | | | | |
|---|---|---|---|---|
| (੪੩) | ੯ | ੧੮ | ਨਾ ਓਹੁ ਮਰੈ ਨ ਹੋਵੈ ਸੋਗੁ ॥<br>ਦੇਦਾ ਰਹੈ ਨ ਚੂਕੈ ਭੋਗੁ ॥ | ਨਾ ਓਹੁ ਮਰੈ, ਨ ਹੋਵੈ ਸੋਗੁ ॥<br>ਦੇਦਾ ਰਹੈ, ਨ ਚੂਕੈ ਭੋਗੁ ॥ |
| (੪੪) | ੧੦ | ੨ | ਹਰਿ ਕੇ ਜਨ ਸਤਿਗੁਰ, ਸਤਿਪੁਰਖਾ<br>ਬਿਨਉ ਕਰਉ ਗੁਰ ਪਾਸਿ ॥ | ਹਰਿ ਕੇ ਜਨ, ਸਤਿਗੁਰ ਸਤਿਪੁਰਖਾ,<br>ਬਿਨਉ ਕਰਉ ਗੁਰ ਪਾਸਿ ॥ |

ਨਿਰਣੇ—(੪੩) ਇਸ ਪੰਕਤੀ ਦੇ ਅਰਥ ਲਗ ਭਗ ਸਮੂਹ ਪੁਰਾਤਨ ਅਤੇ ਨਵੀਨ ਟੀਕੇਕਾਰਾਂ ਨੇ ਹੇਠ ਲਿਖੇ ਅਨੁਸਾਰ ਕੀਤੇ ਹਨ:—

'ਨਾ ਵਾਹਿਗੁਰੂ ਮਰਦਾ ਹੈ ਅਤੇ ਨਾ ਉਸ ਦੇ ਭਗਤਾਂ ਨੂੰ ਸੋਗ ਹੁੰਦਾ ਹੈ।
ਹਮੇਸ਼ਾ ਦੇਂਦਾ ਰਹਿੰਦਾ ਹੈ ਅਤੇ ਰੋਜ਼ੀ ਦੇਣੋਂ ਕਦੇ ਭੁਲਦਾ ਨਹੀਂ।'

ਉਪ੍ਰੋਕਤ ਅਰਥ ਠੀਕ ਨਹੀਂ ਜਾਪਦੇ। 'ਸੋਗ' ਪਦ ਦਾ ਸਬੰਧ 'ਓਹੁ' (ਵਾਹਿਗੁਰੂ) ਨਾਲ ਹੈ। ਇਥੇ ਭਗਤਾਂ ਜਾਂ ਰਬੀ ਪਿਆਰਿਆਂ ਨੂੰ 'ਸੋਗ ਹੋਣਾ' ਆਪਣੇ ਕੋਲੋਂ ਅਰਥ ਜੋੜਨ ਵਾਲੀ ਗਲ ਹੈ। ਇਸੇ ਤਰ੍ਹਾਂ 'ਚੂਕੈ' ਪਦ ਦੇ ਅਰਥ 'ਭੁਲਨਾ' 'ਚੁਕਣਾ' ਕਰਨੇ ਵੀ ਠੀਕ ਨਹੀਂ ਫਬਦੇ। 'ਚੂਕੈ' ਪਦ ਦੇ ਅਰਥ ਹਨ—ਖਤਮ ਹੋਣਾ, ਮੁਕਣਾ ਅਤੇ 'ਭੋਗੁ' ਪਦ ਦੇ ਅਰਥ ਹਨ 'ਭੋਜਨ ਪਦਾਰਥਾਂ ਦਾ ਖਾਣਾ ਪੀਣਾ ਭੰਡਾਰਾ' ਭਾਈ ਗੁਰਦਾਸ ਜੀ ਨੇ ਇਸ ਭਾਵ ਦੀ ਪੰਕਤੀ ਉਚਾਰਨ ਕੀਤੀ ਹੈ:—

ਦੇਦਾ ਰਹੈ ਨ ਮੰਗੀਐ, ਮਰੈ ਨ ਹੋਇ ਵਿਜੋਗ ਵਿਜੋਗੀ ॥ (ਵਾਰ ਪਉੜੀ)

ਭਾਵ ਵਾਹਿਗੁਰੂ ਜੀ ਮਰਦਾ ਨਹੀਂ ਅਤੇ ਨਾ ਹੀ ਉਸ ਨੂੰ ਵਿਜੋਗੀ ਵਾਂਗ ਵਿਛੋੜਾ ਹੁੰਦਾ ਹੈ। ਸੋ ਉਪ੍ਰੋਕਤ ਪੰਕਤੀ ਦੇ ਅਰਥ ਇਉਂ ਹਨ:—

ਉਹ (ਵਾਹਿਗੁਰੂ) ਨਾ ਮਰਦਾ ਹੈ ਅਤੇ ਨਾ ਹੀ ਉਸ ਨੂੰ ਸ਼ੋਕ ਹੁੰਦਾ ਹੈ (ਕਿਉਂਕਿ ਉਹ ਸਦਾ ਅਨੰਦ ਅਨੰਦੀ ਸਾਹਿਬ ਹੈ)। ਉਹ (ਵਾਹਿਗੁਰੂ ਖਾਣ-ਪੀਣ ਲਈ ਪਦਾਰਥ) ਦੇਂਦਾ ਰਹਿੰਦਾ ਹੈ, ਜਿਹੜਾ ਖਾਧਿਆਂ ਸਾਥੋਂ ਮੁਕਦਾ ਨਹੀਂ—

'ਮੇਰੇ ਰਾਮ ਕੋ ਭੰਡਾਰ ॥ ਖਾਤ ਖਰਚ ਕਿਛੁ ਤੋਟਿ ਨ ਆਵੈ ਅੰਤੁ ਨਹੀ ਹਰਿ ਪਾਰਾਵਾਰ ॥

(੪੪) ਇਹ ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵਿਆਹ ਦੇ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਦੇ ਹਜ਼ੂਰ ਉਚਾਰਣ ਕੀਤਾ। (ਸ਼ਬਦਾਰਥ ਪੰਨਾ ੧੦)

ਇਸ ਸ਼ਬਦ ਬਾਰੇ ਇਹ ਵੀ ਕਥਨ ਪ੍ਰਚਲਤ ਹੈ ਕਿ ਜਦੋਂ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਮਿਲੀ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਆਖਿਆ ਕੁਝ ਮੰਗੋ। ਓਦੋਂ ਗੁਰੂ ਰਾਮਦਾਸ ਜੀ ਨੇ ਇਹ ਸ਼ਬਦ ਬੇਨਤੀ ਰੂਪ ਵਿਚ ਉਚਾਰਨ ਕੀਤਾ।

'ਨਾਨਕ' ਨਾਮ ਦੀ ਮੋਹਰ ਛਾਪ ਤੋਂ ਇਹ ਸਿਧ ਹੁੰਦਾ ਹੈ ਕਿ ਉਪਰੋਕਤ ਸ਼ਬਦ ਗੁਰੂ ਰਾਮਦਾਸ ਜੀ ਨੇ ਆਪਣੇ ਵਿਆਹ ਸਮੇਂ ਨਹੀਂ ਉਚਾਰਿਆ, ਗੁਰ-ਗਦੀ ਉਤੇ ਬਿਰਾਜਮਾਨ ਹੋਣ ਤੋਂ ਮਗਰੋਂ ਇਹ ਸ਼ਬਦ ਉਚਾਰਿਆ। ਉਪਰੋਕਤ ਸਾਖੀ ਨੂੰ ਜੋੜਣ ਕਰਕੇ ਕਈ ਟੀਕੇਕਾਰ ਇਸ ਪੰਕਤੀ ਦਾ ਅਰਥ ਕਰਨ ਵੇਲੇ ਭੁਲੇਖਾ


www.AKJ.Org

| | | | | |
|---|---|---|---|---|
| (੪੫) | ੧੦ | ੭ | ਧਨੁ ਧੰਨੁ ਸਤਿ ਸੰਗਤਿੰ,<br>ਜਿਤੁ ਹਰਿ ਰਸੁ ਪਾਇਆ ਮਿਲਿ,<br>ਜਨ ਨਾਨਕ ਨਾਮੁ ਪਰਗਾਸਿ ॥ | ਧੰਨੁ ਧੰਨੁ ਸਤਿ ਸੰਗਤਿ,<br>ਜਿਤੁ ਹਰਿ ਰਸੁ ਪਾਇਆ,<br>ਮਿਲਿ ਜਨ ਨਾਨਕ ਨਾਮੁ ਪਰਗਾਸਿ ॥ |

ਖਾ ਗਏ ਹਨ–ਜਿਵੇਂ 'ਖਾਲਸਾ ਨਿਤਨੇਮ' ਸਟੀਕ ਵਿਚ ਜਨਰਲ ਗੁਰਨਾਮ ਸਿੰਘ ਜੀ ਲਿਖਦੇ ਹਨ:—

ਹੇ ਹਰੀ ਕੇ ਜਨ ! ਸਤਿਗੁਰੂ !! ਸਤਿ ਪੁਰਖ ਜੀ !!!

ਮੇਰੀ (ਵਲੋਂ) ਅਕਾਲ ਪੁਰਖ ਅਗੇ ਬੇਨਤੀ ਕਰੋ । (ਪੰਨਾ ੨੩੫)

ਸੋ 'ਕਰਉ' ਪਦ ਨੂੰ 'ਕਰੋ' ਨਹੀਂ ਉਚਾਰਨਾ ਚਾਹੀਦਾ । ਇਸ ਤਰ੍ਹਾਂ ਪੜ੍ਹਨ ਨਾਲ 'ਤੁਸੀਂ ਬੇਨਤੀ ਕਰੋ'

ਅਰਥ ਬਣ ਜਾਂਦੇ ਹਨ । ਪਰ ਇਥੇ 'ਕਰਉ' ਦੇ 'ਉ' ਨੂੰ ਬਿੰਦੇ ਸਹਿਤ ਉਤਮ ਪੁਰਖ ਵਿਚ 'ਕਰਉ' ਉਚਾਰਨਾ

ਸ਼ੁਧ ਹੈ । ਅਰਥਾਤ 'ਮੈਂ ਸਤਿਗੁਰੂ ਪਾਸ ਬੇਨਤੀ ਕਰਦਾ ਹਾਂ' ।

ਨਿਰਣੇ– (੪੫) ਇਸ ਪੰਕਤੀ ਦੇ ਅਰਥ ਭਾਈ ਵੀਰ ਸਿੰਘ ਜੀ ਤੇ ਪ੍ਰੋ: ਸਾਹਿਬ ਸਿੰਘ ਜੀ ਦੇ ਇਕੋ ਜਿਹੇ

ਹਨ ਪਰ ਕਈ ਪ੍ਰੇਮੀਆਂ ਨੂੰ ਇਹ ਸ਼ੰਕਾ ਉਠਦੀ ਹੈ ਕਿ ਗੁਰਬਾਣੀ ਵਿਚ ਆਮ 'ਜਨ ਨਾਨਕ' ਦੀ ਵਰਤੋਂ ਕੀਤੀ

ਹੋਈ ਮਿਲਦੀ ਹੈ, ਇਥੇ 'ਮਿਲਿ ਜਨ, ਨਾਨਕ ਨਾਮੁ ਪਰਗਾਸਿ' ਕਿਵੇਂ ਹੋ ਸਕਦਾ ਹੈ । ਇਸ ਦੀ ਪ੍ਰੋੜ੍ਹਤਾ ਲਈ

ਕੋਈ ਇਸ ਨਾਲ ਮਿਲਦੀ ਜੁਲਦੀ ਪੰਕਤੀ ਮਿਲੀ ਨਹੀਂ, ਖੋਜ ਕੀਤੀ ਜਾ ਰਹੀ ਹੈ । ਸੁਧ ਬਿਸਰਾਮ ਦਾ ਨਿਰਣਾ

ਤਰ ਕੀਤਾ ਜਾਵੇਗਾ ਪਰੰਤੂ ਇਸ ਪੰਕਤੀ ਦੇ ਸ਼ੁਧ ਅਰਥ ਦਿਤੇ ਜਾਂਦੇ ਹਨ ।

ਸਤਸੰਗਤ ਧੰਨਤਾ ਯੋਗ ਹੈ ਜਿਸ ਦੁਆਰਾ ਹਰੀ ਰਸ ਪਾਇਆ ਹੈ ਅਤੇ ਗੁਰੂ ਨਾਨਕ ਦੇਵ ਜੀ

ਮਾਉਂਦੇ ਹਨ ਕਿ ਪ੍ਰਭੂ ਦੇ ਪਿਆਰਿਆਂ ਦੀ ਸੰਗਤ ਵਿਚ ਮਿਲ ਕੇ ਨਾਮ ਦਾ ਪ੍ਰਕਾਸ਼ ਹੁੰਦਾ ਹੈ ।

## ਪਾਠਕਾਂ ਪ੍ਰਤੀ— 'ਸੂਰਾ' ਦੇ ਸੁਹਿਰਦ ਪਾਠਕਾਂ ਪ੍ਰਤੀ ਜ਼ਰੂਰੀ ਸੂਚਨਾ

ਦਿਤੀ ਜਾਂਦੀ ਹੈ ਕਿ ਅਸੀਂ 'ਸੂਰਾ' ਰਾਹੀਂ ਕਈ ਵਾਰੀ ਬੇਨਤੀ ਕਰ ਚੁਕੇ ਹਾਂ

ਕਿ ਜਿਨ੍ਹਾਂ ਜਿਨ੍ਹਾਂ ਸਜਣਾਂ ਦੇ ਚੰਦੇ ਖ਼ਤਮ ਹੋ ਚੁਕੇ ਹਨ, ਉਹ ਸ਼ੀਘਰ ਹੀ

ਆਪਣੇ ਆਪਣੇ ਚੰਦੇ ਭੇਜਣ ਦੀ ਕ੍ਰਿਪਾਲਤਾ ਕਰਨ, ਤਾਕਿ ਉਹਨਾਂ ਦੇ

ਨਾਮ ਅਗੋਂ ਲਈ 'ਸੂਰਾ' ਜਾਰੀ ਰਹਿ ਸਕੇ ।

ਨੋਟ:–ਮਾਇਆ (ਮਨੀਆਡਰ ਜਾਂ ਚੈਕ) ਕੇਵਲ ਮੈਨੇਜਰ 'ਸੂਰਾ'

ਦੇ ਨਾਮ ਹੀ ਆਉਣੀ ਚਾਹੀਦੀ ਹੈ, ਕਿਸੇ ਜ਼ਾਤੀ ਨਾਮ ਤੇ ਨਾ ਭੇਜੀ

ਜਾਵੇ ਤਾਕਿ ਕੋਈ ਔਕੜ ਪੇਸ਼ ਨਾ ਆਵੇ ।

ਦਾਸ–ਮੈਨੇਜਰ, 'ਸੂਰਾ' ਧੋਬੀ ਘਾਟ, ਪਟਿਆਲਾ ।

੨੦ ਦਾ ਰ ੧੯੭੦



www.AKJ.Org

SURA' (Fortnightly) Patiala. Registred No. P. 79

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | | | |
|---|---|---|---|
| ਜੇਲ੍ਹ ਚਿੱਠੀਆਂ | ੫-੦੦ | ਪ੍ਰਗਟੀ ਜੋਤ ਮਿਲੇ ਰਾਮ ਪਿਆਰੇ | ੦-੩੦ |
| ਗੁਰਮਤ ਨਾਮ ਅਭਿਆਸ ਕਮਾਈ | ੩-੦੦ | ਗੁਰਮਤਿ ਗੌਰਵਤਾ | ੫-੦੦ |
| ਗੁਰਮਤ ਲੇਖ | ੨-੫੦ | ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ਗੁਰਮਤ ਬਬੇਕ | ੩-੦੦ | ਅਕਾਲ ਪੁਰਖ ਦੇ ਪ੍ਰਤਖ ਦਰਸ਼ਨ | ੦-੨੦ |
| ਸੱਚਖੰਡ ਦਰਸ਼ਨ | ੦-੭੫ | ਵਾਹਿਗੁਰੂ ਸਿਮਰਨ | ੦-੨੦ |
| ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ | ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ਚਰਨ ਕਮਲ ਕੀ ਮਉਜ | ੦-੯੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ਅਣਡਿਠੀ ਦੁਨੀਆਂ | ੪-੦੦ | ਝਟਕਾ ਮਾਸ ਪਰੁਥਾਇ ਤੱਤ ਗੁਰਮਤਿ ਨਿਰਣਯ | ੨-੦੦ |
| ਅੰਮ੍ਰਿਤ ਕਲਾ | ੦-੪੦ | ਗੁਰਮਤ ਵਿਚਾਰ | ੦- |
| ਅੰਮ੍ਰਿਤ ਕੀ ਹੈ ? | ੦-੩੦ | ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦- |
| ਸੁਪਨਾ | ੦-੩੦ | ਨਾਮ ਸਬੰਧੀ ਵਿਚਾਰ | ੦- |
| ਬਾਬਾ ਵੈਦ ਰੋਗੀਆਂ ਦਾ | ੦-੨੦ | ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉਤਰ | ੦ |
| ਗਯਾਨ ਦਾਲਚਾ | ੦-੧੦ | ਸੰਥਿਆ ਸੈਂਚੀਆਂ ਪਹਿਲਾ ਹਿਸਾ (ਸ਼. ਕ.) | ੮- |
| ਰੰਗਲੇ ਸਜਣ | ੨-੫੦ | ਗੁਰਸਿਖ ਰਹਿਣੀ (ਲੇਖਕ ਬੀਬੀ ਅਮਰਜੀਤ ਕੌਰ) | ੦-੩੦ |
| ਸਿੱਖ ਕੌਣ ਹੈ ? | ੦-੧੫ | ਆਤਮਾ ਕੀ ਹੈ ? (ਲੇਖਕ ਭਾ. ਵਧਾਵਾ ਸਿੰਘ ਜੀ ਪਟਿਆਲਾ) | ੫-੦੦ |
| ਆਸਤਕ ਨਾਸਤਕ | ੦-੧੫ | ਜੀਵਨ ਬ੍ਰਿਤਾਂਤ ਭਾਈ ਰਣਧੀਰ ਸਿੰਘ ਜੀ (ਲੇਖਕ ਬਾਬਾ ਸੁਰਜਨ ਸਿੰਘ) | ੦-੫੦ |
| ਕੋ ਵਿਰਲਾ ਗੁਰਮਤਿ ਚਲੈ | ੦-੨੦ | | |
| ਸਚੀਆਂ ਦਾਹੜੀਆਂ | ੦-੧੨ | | |
| ਸੰਤ ਪਦ ਨਿਰਣੈ | ੨-੨੫ | | |
| ਗੁਰਮਤ ਰਮਜ਼ਾਂ | ੦-੬੫ | | |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ | | |

ਨੋਟ :—ਸਾਥੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ ਛਪੀਆਂ ਪੁਸਤਕਾਂ, ਗੁਟਕੇ, ਸ਼ਬਦਾਰਥ ਆਦਿ ਵੀ ਮਿਲ ਸਕਦੇ ਹਨ। ਡਾਕ ਖ਼ਰਚ ਵਖਰਾ, ਆਰਡਰ ਨਾਲ ਪੇਸ਼ਗੀ ਜ਼ਰੂਰੀ ਹੈ।

ਪੁਸਤਕਾਂ ਮਿਲਣ ਦਾ ਪਤਾ :—

**ਸੂਰਾ ਪੁਸਤਕ ਭੰਡਾਰ** ਧੋਬੀ ਘਾਟ, ਪਟਿਆਲਾ।

www.AKJ.Org